Friday, June 05, 2026

# ਪੰਜਾਬੀ ਜਰਨਲ

# PUNJABI JOURNAL

ਜੇਠ 22, ਨਾਨਕਸ਼ਾਹੀ ਸੰਮਤ: 557 | Volume: 20, Issue: 23| Ph: 604-312-5678
www.punjabijournal.ca, Email: punjabijournal@gmail.com

WCC WESTERN COMMUNITY COLLEGE

ABBOTSFORD
Unit 201, 3670 Townline Rd Abbotsford, BC

SURREY
Unit 201 8318 120 St Surrey, BC

SOUTH SURREY
Unit 204, 15850 24 Avenue, Surrey, BC 0G1

wcc.ca | Tel : 604.594.3500

## ਕੈਨੇਡਾ ਪੀ ਆਰ ਪ੍ਰੋਸੈਸ ਵਿਚ ਹੋਣਗੇ ਵੱਡੇ ਬਦਲਾਅ




ਕੈਨੇਡਾ ਵਿੱਚ ਪੱਕੇ ਤੌਰ 'ਤੇ ਵਸਣ ਦਾ ਸੁਪਨਾ ਦੇਖ ਰਹੇ ਭਾਰਤੀਆਂ ਖ਼ਾਸ ਕਰ ਕੇ ਪੰਜਾਬੀ ਨੌਜਵਾਨਾਂ ਲਈ ਇੱਕ ਅਹਿਮ ਖ਼ਬਰ ਹੈ। ਕੈਨੇਡਾ ਸਰਕਾਰ ਆਪਣੇ ਪ੍ਰਮੁੱਖ 'ਐਕਸਪ੍ਰੈਸ ਐਂਟਰੀ ਸਿਸਟਮ' ਵਿੱਚ ਵੱਡੇ ਸੁਧਾਰਾਂ ਦੀ ਤਿਆਰੀ ਕਰ ਰਹੀ ਹੈ। ਹਾਲਾਂਕਿ ਇਹ ਨਵੇਂ ਨਿਯਮ ਆਉਣ ਵਾਲੇ 12 ਤੋਂ 18 ਮਹੀਨਿਆਂ ਵਿੱਚ ਲਾਗੂ ਹੋਣ ਦੀ ਸੰਭਾਵਨਾ ਹੈ, ਪਰ ਮਾਹਿਰਾਂ ਦਾ ਕਹਿਣਾ ਹੈ ਕਿ ਉਮੀਦਵਾਰਾਂ ਨੂੰ ਆਪਣੀ ਪ੍ਰੋਫਾਈਲ ਮਜ਼ਬੂਤ ਕਰਨ ਲਈ ਹੁਣ ਤੋਂ ਹੀ ਤਿਆਰੀ ਸ਼ੁਰੂ ਕਰ ਦੇਣੀ ਚਾਹੀਦੀ ਹੈ।

1. **ਭਾਸ਼ਾ ਪ੍ਰੀਖਿਆ 'ਚ ਬਿਹਤਰ ਸਕੋਰ**

ਕੈਨੇਡਾ ਦੀ PR ਪ੍ਰਕਿਰਿਆ ਵਿੱਚ ਭਾਸ਼ਾ ਦਾ ਸਕੋਰ ਹਮੇਸ਼ਾ ਹੀ ਸਭ ਤੋਂ ਮਹੱਤਵਪੂਰਨ ਰਿਹਾ ਹੈ। IELTS/CELPIP ਜਿਹੀਆਂ ਭਾਸ਼ਾ ਪ੍ਰੀਖਿਆ 'ਚ ਬਿਹਤਰ ਸਕੋਰ ਪਾਉਣ ਵਾਲੇ ਉਮੀਦਵਾਰਾਂ ਨੂੰ ਫਾਇਦਾ ਮਿਲ ਸਕਦਾ ਹੈ।ਪ੍ਰਸਤਾਵਿਤ ਬਦਲਾਅ ਤੋਂ ਬਾਅਦ ਵੀ ਇਸ ਦੀ ਅਹਿਮੀਅਤ ਬਣੀ ਰਹੇਗੀ। ਜੇਕਰ ਤੁਹਾਡੇ ਭਾਸ਼ਾ ਪ੍ਰੀਖਿਆ ਦੇ ਨਤੀਜੇ ਛੇ ਮਹੀਨੇ ਜਾਂ ਉਸ ਤੋਂ ਪੁਰਾਣੇ ਹਨ, ਤਾਂ ਦੁਬਾਰਾ ਪ੍ਰੀਖਿਆ ਦੇ ਕੇ ਸਕੋਰ ਸੁਧਾਰਨ 'ਤੇ ਵਿਚਾਰ ਕਰੋ। ਚੰਗਾ ਸਕੋਰ ਨਾ ਸਿਰਫ਼ ਮੌਜੂਦਾ CRS ਸਿਸਟਮ ਵਿੱਚ ਫਾਇਦਾ ਦੇਵੇਗਾ, ਬਲਕਿ ਨਵੀਂ ਰੈਂਕਿੰਗ ਪ੍ਰਣਾਲੀ ਵਿੱਚ ਵੀ ਤੁਹਾਡੀ ਸਥਿਤੀ ਮਜ਼ਬੂਤ ਕਰੇਗਾ।

2. ਹੁਨਰਮੰਦ ਕੰਮ ਦਾ ਤਜਰਬਾ

ਸਰਕਾਰ ਪਿਛਲੇ ਤਿੰਨ ਸਾਲਾਂ ਵਿੱਚ ਘੱਟੋ-ਘੱਟ ਇੱਕ ਸਾਲ ਦੇ ਹੁਨਰਮੰਦ ਕੰਮ ਦੇ ਤਜਰਬੇ ਨੂੰ ਮਿਆਰੀ ਬਣਾਉਣ ਬਾਰੇ ਵਿਚਾਰ ਕਰ ਰਹੀ ਹੈ। ਖ਼ਾਸ ਕਰਕੇ ਆਈ.ਟੀ., ਹੈਲਥਕੇਅਰ, ਇੰਜੀਨੀਅਰਿੰਗ, ਫਾਇਨਾਂਸ ਅਤੇ ਟ੍ਰੇਡ ਸੈਕਟਰ ਵਿੱਚ ਕੰਮ ਕਰਨ ਵਾਲੇ ਲੋਕਾਂ ਲਈ ਇਹ ਬਹੁਤ ਜ਼ਰੂਰੀ ਹੈ।

ਜੇਕਰ ਤੁਹਾਡੇ ਕੋਲ ਹਾਲੇ ਲੋੜੀਂਦਾ ਤਜਰਬਾ ਨਹੀਂ ਹੈ, ਤਾਂ ਅਗਲੇ ਇੱਕ-ਦੋ ਸਾਲਾਂ ਵਿੱਚ ਇਸ ਨੂੰ ਪੂਰਾ ਕਰਨ ਅਤੇ ਦਸਤਾਵੇਜ਼ੀ ਤੌਰ 'ਤੇ ਪ੍ਰਮਾਣਿਤ ਕਰਨ ਵੱਲ ਧਿਆਨ ਦਿਓ।

3. **ਪ੍ਰੋਫੈਸ਼ਨਲ ਸਰਟੀਫਿਕੇਟ ਅਤੇ ਟ੍ਰੇਡ ਯੋਗਤਾਵਾਂ**

ਨਵੇਂ ਸੁਧਾਰਾਂ ਵਿੱਚ ਤਕਨੀਕੀ ਅਤੇ ਟ੍ਰੇਡ ਕਿੱਤਿਆਂ ਨੂੰ ਵਧੇਰੇ ਮਹੱਤਵ ਦਿੱਤੇ ਜਾਣ ਦੇ ਸੰਕੇਤ ਮਿਲੇ ਹਨ। ਇਲੈਕਟ੍ਰੀਸ਼ੀਅਨ, ਪਲੰਬਰ, ਵੈਲਡਰ ਅਤੇ ਮਕੈਨਿਕ ਵਰਗੇ ਸਕਿਲਡ ਟ੍ਰੇਡਾਂ ਨਾਲ ਜੁੜੇ ਲੋਕਾਂ ਲਈ ਵ੍ਹ ਦੇ ਵਧੇਰੇ ਮੌਕੇ ਪੈਦਾ ਹੋ ਸਕਦੇ ਹਨ। ਇਸ ਤੋਂ ਇਲਾਵਾ ਆਪਣੇ ਖੇਤਰ ਨਾਲ ਸਬੰਧਤ ਮਾਨਤਾ ਪ੍ਰਾਪਤ ਪ੍ਰੋਫੈਸ਼ਨਲ ਸਰਟੀਫਿਕੇਟ ਹਾਸਲ ਕਰਨਾ ਵੀ ਤੁਹਾਡੀ ਪ੍ਰੋਫਾਈਲ ਨੂੰ ਦੂਜਿਆਂ ਨਾਲੋਂ ਅੱਗੇ ਰੱਖੇਗਾ।

ਕੈਨੇਡਾ ਸਰਕਾਰ ਨੇ ਹਾਲੇ ਨਵੇਂ ਸਿਸਟਮ ਦੀ ਪੂਰੀ ਰੂਪਰੇਖਾ ਜਨਤਕ ਨਹੀਂ ਕੀਤੀ ਹੈ, ਪਰ ਇਹ ਸਪੱਸ਼ਟ ਹੈ ਕਿ ਜਦੋਂ ਵੀ ਨਵਾਂ ਸਿਸਟਮ ਲਾਗੂ ਹੋਵੇਗਾ, ਸਿਰਫ਼ ਸਭ ਤੋਂ ਮਜ਼ਬੂਤ ਪ੍ਰੋਫਾਈਲ ਵਾਲੇ ਉਮੀਦਵਾਰਾਂ ਨੂੰ ਹੀ 'ਇਨਵੀਟੇਸ਼ਨ ਟੂ ਅਪਲਾਈ' (ITA) ਮਿਲਣ ਦੀ ਸਭ ਤੋਂ ਵੱਧ ਸੰਭਾਵਨਾ ਹੋਵੇਗੀ।

## ਸਰੀ ਪੁਲਿਸ ਦੇ ਮੁਖੀ ਨੌਰਮ ਲਿਪਿਨਸਕੀ ਲੈਣਗੇ ਵਿਦਾਈ



**ਵੈਨਕੂਵਰ:** ਸਰੀ ਪੁਲਿਸ ਸੇਵਾ ਦੇ ਮੁਖੀ ਨੌਰਮ ਲਿਪਿਨਸਕੀ ਆਪਣੇ ਅਹੁਦੇ ਤੋਂ ਵਿਦਾ ਹੋਣ ਜਾ ਰਹੇ ਹਨ। ਅਧਿਕਾਰੀਆਂ ਵੱਲੋਂ ਇਸ ਦੇ ਨਾਲ ਹੀ ਇੱਕ ਅੰਤਰਿਮ ਮੁਖੀ ਦੀ ਨਿਯੁਕਤੀ ਦਾ ਵੀ ਐਲਾਨ ਕੀਤਾ ਹੈ, ਜੋ ਨਵੇਂ ਸਥਾਈ ਮੁਖੀ ਦੀ ਨਿਯੁਕਤੀ ਤੱਕ ਵਿਭਾਗ ਦੀ ਕਮਾਨ ਸੰਭਾਲੇਗਾ।

ਨੌਰਮ ਲਿਪਿਨਸਕੀ ਨੇ ਸਰੀ ਪੁਲਿਸ ਸੇਵਾ ਦੇ ਵਿਕਾਸ ਅਤੇ ਸ਼ਹਿਰ ਵਿੱਚ ਪੁਲਿਸ ਪ੍ਰਬੰਧ ਨੂੰ ਮਜ਼ਬੂਤ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਦੀ ਅਗਵਾਈ ਹੇਠ ਸਰੀ ਵਿੱਚ ਪੁਲਿਸ ਬਦਲਾਅ ਦੀ ਪ੍ਰਕਿਰਿਆ ਦੌਰਾਨ ਕਈ ਮਹੱਤਵਪੂਰਨ ਕਦਮ ਚੁੱਕੇ ਗਏ।

ਪ੍ਰਸ਼ਾਸਨ ਵੱਲੋਂ ਕਿਹਾ ਗਿਆ ਹੈ ਕਿ ਅੰਤਰਿਮ ਮੁਖੀ ਦੀ ਨਿਯੁਕਤੀ ਨਾਲ ਸੇਵਾ ਦੇ ਕੰਮਕਾਜ ਵਿੱਚ ਕਿਸੇ ਕਿਸਮ ਦੀ ਰੁਕਾਵਟ ਨਹੀਂ ਆਵੇਗੀ ਅਤੇ ਜਨਤਕ ਸੁਰੱਖਿਆ ਸਬੰਧੀ ਸਾਰੇ ਕਾਰਜ ਪਹਿਲਾਂ ਵਾਂਗ ਜਾਰੀ ਰਹਿਣਗੇ। ਸਰੀ ਪੁਲਿਸ ਸੇਵਾ ਦੇ ਬੋਰਡ ਨੇ ਨੌਰਮ ਲਿਪਿਨਸਕੀ ਦੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ ਹਨ।

SABZI MANDI SUPERMARKET



Chal Chaliye
SABZI MANDI
Chal Chaliye ...

ਤਾਜ਼ੇ ਫਲ ਫਰੂਟ, ਤਾਜ਼ੀਆਂ ਸਬਜ਼ੀਆਂ
ਅਤੇ ਸਾਫ ਸੁਥਰੀ ਗਰੋਸਰੀ ਲਈ ਹਮੇਸ਼ਾ
ਸਬਜ਼ੀ ਮੰਡੀ ਨੂੰ ਯਾਦ ਰਖੋ

# ਬੀਸੀ 'ਚ ਮਕਾਨਾਂ ਦੇ ਕਿਰਾਏ ਘਟੇ ਅਤੇ ਰਿਹਾਇਸ਼ਾਂ ਦੇ ਨਿਰਮਾਣ ਦੀਆਂ ਦਰਾਂ ਵਧੀਆਂ

ਬ੍ਰਿਟਿਸ਼ ਕੋਲੰਬੀਆ ਕੈਨੇਡਾ ਵਿੱਚ ਕਿਰਾਏ ਦੀਆਂ ਲਾਗਤਾਂ ਘਟਾਉਣ ਵਿੱਚ ਅਗਵਾਈ ਕਰ ਰਿਹਾ ਹੈ ਅਤੇ ਸਾਲ-ਦਰ-ਸਾਲ ਮੰਗੇ ਜਾ ਰਹੇ ਕਿਰਾਏ ਵਿੱਚ ਸਭ ਤੋਂ ਵੱਡੀ ਕਮੀ ਦਰਜ ਕੀਤੀ ਗਈ ਹੈ, ਜਿਸ ਨਾਲ ਬੀ.ਸੀ. ਦੇ ਕਿਰਾਏਦਾਰ ਰਹਿਣ-ਸਹਿਣ ਦੇ ਖ਼ਰਚਿਆਂ ਵਿੱਚ ਮਹੱਤਵਪੂਰਨ ਸੁਧਾਰ ਦੇਖ ਰਹੇ ਹਨ।




ਕਿਰਾਏ ਵਾਲੀਆਂ ਰਿਹਾਇਸ਼ਾਂ ਦਾ ਨਿਰਮਾਣ ਜਾਰੀ ਹੈ, ਅਤੇ ਬੀ.ਸੀ. ਬਿਲਡਜ਼ ਨੇ ਬਰਨਬੀ ਵਿੱਚ ਲਗਭਗ 820 ਨਵੇਂ ਘਰਾਂ ਦੇ ਨਿਰਮਾਣ ਦੀ ਸ਼ੁਰੂਆਤ ਕੀਤੀ ਹੈ।

"ਰਾਸ਼ਟਰੀ ਪੱਧਰ 'ਤੇ ਕਾਬੂ ਤੋਂ ਬਾਹਰ ਹੋ ਰਹੇ ਰਿਹਾਇਸ਼ੀ ਸੰਕਟ ਦੇ ਮੱਦੇਨਜ਼ਰ, ਬੀ.ਸੀ. ਵਿੱਚ ਅਸੀਂ ਅਮੀਰ ਸੱਟੇਬਾਜ਼ਾਂ ਦਾ ਮੁਕਾਬਲਾ ਕਰ ਰਹੇ ਹਾਂ, ਕਿਰਾਏਦਾਰਾਂ ਨੂੰ ਜ਼ਬਰਦਸਤੀ ਘਰ ਖਾਲੀ ਕਰਨ ਤੋਂ ਬਚਾ ਰਹੇ ਹਾਂ ਅਤੇ ਖਾਲੀ ਪਏ ਯੂਨਿਟਾਂ ਨੂੰ ਮੁੜ ਲੋਕਾਂ ਲਈ ਰਿਹਾਇਸ਼ਾਂ ਵਿੱਚ ਤਬਦੀਲ ਕਰ ਰਹੇ ਹਾਂ," ਪ੍ਰੀਮੀਅਰ ਡੇਵਿਡ ਈਬੀ ਨੇ ਕਿਹਾ। "ਸਾਡੀ ਯੋਜਨਾ ਨਤੀਜਿਆਂ ਦੇ ਮਾਮਲੇ ਵਿੱਚ ਦੇਸ਼ ਦੀ ਅਗਵਾਈ ਕਰ ਰਹੀ ਹੈ। ਕਿਰਾਏ ਦੀਆਂ ਕੀਮਤਾਂ ਘਟ ਰਹੀਆਂ ਹਨ, ਕਿਰਾਏ ਵਾਲੇ ਘਰਾਂ ਦੀ ਨਿਰਮਾਣ ਦਰ ਵਧ ਰਹੀ ਹੈ, ਅਤੇ ਅਸੀਂ ਨਿਰਮਾਣ ਵਿੱਚ ਰੁਕਾਵਟਾਂ ਹਟਾ ਕੇ ਵਧੇਰੇ ਤੇਜ਼ੀ ਨਾਲ ਰਿਹਾਇਸ਼ਾਂ ਬਣਾਉਣ ਦਾ ਕੰਮ ਕਰ ਰਹੇ ਹਾਂ। ਹਾਲੇ ਹੋਰ ਕੰਮ ਕਰਨਾ ਬਾਕੀ ਹੈ। ਇਸ ਗਤੀ ਨੂੰ ਕਾਇਮ ਰੱਖਣਾ ਅਤੇ ਹੋਰ ਵਧੀਆ ਨਤੀਜੇ ਦੇਣਾ ਸਾਡੀ ਤਰਜੀਹ ਹੈ।"

ਜੇ ਸਰਕਾਰ ਨੇ ਰਿਹਾਇਸ਼ਾਂ ਦੇ ਮਾਮਲੇ ਵਿੱਚ ਕਾਰਵਾਈ ਨਾ ਕੀਤੀ ਹੁੰਦੀ, ਤਾਂ ਅੱਜ ਬੀ.ਸੀ. ਵਿੱਚ ਕਿਰਾਏ ਮੌਜੂਦਾ ਪੱਧਰ ਨਾਲੋਂ ਹਰ ਮਹੀਨੇ ਸੈਂਕੜੇ ਡਾਲਰ ਵੱਧ ਹੁੰਦੇ। ਲੋਕ ਹੁਣ ਘੱਟ ਕਿਰਾਇਆ ਅਦਾ ਕਰ ਰਹੇ ਹਨ ਅਤੇ ਉਨ੍ਹਾਂ ਕੋਲ ਵਧੇਰੇ ਚੋਣਾਂ ਅਤੇ ਕਿਰਾਏ ਦੀਆਂ ਸ਼ਰਤਾਂ 'ਤੇ ਗੱਲਬਾਤ ਕਰਨ ਦੀ ਸਮਰੱਥਾ ਵੀ ਹੈ।

ਸਾਲ 2017 ਤੋਂ, ਬੀ.ਸੀ. ਨੇ ਸੱਟੇਬਾਜ਼ੀ ਨੂੰ ਰੋਕਣ ਅਤੇ ਲੋਕਾਂ ਲਈ ਹੋਰ ਘਰ ਮੁਹੱਈਆ ਕਰਨ ਲਈ ਸਖ਼ਤ ਕਦਮ ਚੁੱਕੇ ਹਨ, ਜਿਸ ਨਾਲ ਪਿਛਲੀਆਂ ਸੂਬਾਈ ਅਤੇ ਫੈਡਰਲ ਸਰਕਾਰਾਂ ਵੱਲੋਂ ਦਹਾਕਿਆਂ ਤੱਕ ਹੋਏ ਘੱਟ ਨਿਵੇਸ਼ ਦੀ ਸਥਿਤੀ ਤੋਂ ਅੱਗੇ ਵਧਿਆ ਜਾ ਰਿਹਾ ਹੈ।

ਸਾਲ 2023 ਵਿੱਚ, ਜਦੋਂ ਦੁਨੀਆ ਭਰ ਵਿੱਚ ਘਰਾਂ ਦੀਆਂ ਲਾਗਤਾਂ ਵੱਧ ਰਹੀਆਂ ਸਨ, ਸਰਕਾਰ ਨੇ 'ਹੋਮਜ਼ ਫਾਰ ਪੀਪਲ' ਕਾਰਵਾਈ ਯੋਜਨਾ ਰਾਹੀਂ ਰਿਹਾਇਸ਼ਾਂ ਦੀ ਕਿਫ਼ਾਇਤੀ ਉਪਲਬਧਤਾ ਲਈ ਆਪਣੀਆਂ ਕਾਰਵਾਈਆਂ ਹੋਰ ਤੇਜ਼ ਕੀਤੀਆਂ ਅਤੇ ਸ਼ੌਰਟ-ਟਰਮ ਰੈਂਟਲ, ਪੁਰਾਣੀਆਂ ਜ਼ੋਨਿੰਗ ਪਾਬੰਦੀਆਂ ਅਤੇ ਦਫਤਰੀ ਢਿੱਲ ਵਰਗੀਆਂ ਮਾਰਕਿਟ ਦੀਆਂ ਚੁਣੌਤੀਆਂ ਨਾਲ ਨਜਿੱਠਣ ਲਈ ਨਵੇਂ ਸਾਧਨ ਲਾਗੂ ਕੀਤੇ।

ਇਸ ਕੰਮ ਦੇ ਨਤੀਜੇ ਹੁਣ ਬ੍ਰਿਟਿਸ਼ ਕੋਲੰਬੀਆ ਦੇ ਵਸਨੀਕਾਂ ਲਈ ਰਹਿਣ-ਸਹਿਣ ਦੇ ਖ਼ਰਚਿਆਂ ਵਿੱਚ ਮਹੱਤਵਪੂਰਨ ਬਚਤਾਂ ਵਿੱਚ ਯੋਗਦਾਨ ਪਾ ਰਹੇ ਹਨ। ਇਸ ਦਾ ਪ੍ਰਮਾਣ ਇਹ ਹੈ ਕਿ ਬੀ.ਸੀ. ਵਿੱਚ ਮੰਗੇ ਜਾ ਰਹੇ ਕਿਰਾਏ ਅਗਸਤ 2023 ($2,671) ਤੋਂ ਅਪ੍ਰੈਲ 2026 ($2,338) ਤੱਕ 12.5% ਘਟੇ ਹਨ, ਜੋ ਕਿ ਸੂਬੇ ਭਰ ਵਿੱਚ ਮਹੀਨਾਵਾਰ $333 ਦੀ ਕਮੀ ਹੈ ਅਤੇ ਕਿਰਾਏਦਾਰਾਂ ਲਈ ਸਾਲਾਨਾ ਔਸਤ $4,000 ਦੀ ਬਚਤ ਦੇ ਬਰਾਬਰ ਹੈ।

ਹਾਊਸਿੰਗ ਖੇਤਰ ਵਿੱਚ ਹੋਰ ਤਰੱਕੀ ਵਿੱਚ ਇਹ ਸ਼ਾਮਲ ਹਨ:

- ਵੈਨਕੂਵਰ ਅਤੇ ਬਰਨਬੀ ਵਿੱਚ ਕਿਰਾਏ ਦੀ ਮੰਗ ਅਨੁਸਾਰ ਕੀਮਤ ਸਾਲ-ਦਰ-ਸਾਲ ਅਧਾਰ 'ਤੇ ਲਗਾਤਾਰ 29 ਮਹੀਨਿਆਂ ਤੋਂ ਘੱਟ ਰਹੀ ਹੈ।
- – ਅਪਾਰਟਮੈਂਟਾਂ ਅਤੇ ਕਾਂਡੋ ਦਾ ਔਸਤ ਕਿਰਾਇਆ 2023 ਦੇ ਸਭ ਤੋਂ ਉੱਚੇ ਪੱਧਰ ਨਾਲੋਂ ਲਗਭਗ 20% ਘਟ ਗਿਆ ਹੈ। ਇਹ ਪ੍ਰਤੀ ਮਹੀਨਾ $650 ਤੋਂ ਵੱਧ ਦੀ ਕਮੀ ਹੈ, ਜਿਸ ਨਾਲ ਕਿਰਾਏਦਾਰਾਂ ਨੂੰ ਸਾਲਾਨਾ ਲਗਭਗ $8,000 ਦੀ ਬਚਤ ਹੋ ਰਹੀ ਹੈ।
- ਪਿਛਲੇ ਤਿੰਨ ਸਾਲਾਂ ਦੌਰਾਨ ਸਿਰਫ਼ ਦੋ ਸੂਬਿਆਂ ਵਿੱਚ ਕਿਰਾਏ ਘਟੇ ਹਨ, ਬੀ.ਸੀ. ਅਤੇ ਓਨਟਾਰੀਓ, ਅਤੇ ਸਭ ਤੋਂ ਵੱਡੀ ਕਮੀ ਬੀ.ਸੀ. ਵਿੱਚ ਦਰਜ ਕੀਤੀ ਗਈ ਹੈ।
- ਮੈਟਰੋ ਵੈਨਕੂਵਰ ਦੀ ਖਾਲੀ ਘਰ ਦਰ ਵਧੀ ਹੈ। ਅਕਤੂਬਰ 2023 ਵਿੱਚ ਇਹ 0.9% ਸੀ, ਜਦਕਿ ਹੁਣ ਇਹ 3.7% ਹੈ।
- ਬੀ.ਸੀ. ਵਿੱਚ ਕਿਰਾਏ ਦੇ ਘਰਾਂ ਦੇ ਨਿਰਮਾਣ ਵਿੱਚ ਰਿਕਾਰਡ ਪੱਧਰ ਦੀ ਗਤੀ ਦਰਜ ਕੀਤੀ ਜਾ ਰਹੀ ਹੈ, ਜਿੱਥੇ 2025 ਵਿੱਚ ਕਿਰਾਏ ਦੀਆਂ ਰਿਹਾਇਸ਼ਾਂ ਦੇ ਨਿਰਮਾਣ ਦੀਆਂ ਸ਼ੁਰੂਆਤਾਂ 2015 ਦੇ ਮੁਕਾਬਲੇ ਤਿੰਨ ਗੁਣਾ ਵੱਧ ਹਨ।
- ਕਿਰਾਏ 'ਤੇ ਦੇਣ ਦੇ ਮਕਸਦ ਨਾਲ ਤਿਆਰ ਕੀਤੇ ਘਰਾਂ ਦੀਆਂ ਨਵੀਆਂ ਰਜਿਸਟ੍ਰੇਸ਼ਨਾਂ ਵੀ ਸਾਲ-ਦਰ-ਸਾਲ ਰਿਕਾਰਡ ਪੱਧਰ 'ਤੇ ਹਨ, ਜੋ 2025 ਵਿੱਚ 26,000 ਤੋਂ ਵੱਧ ਤੱਕ ਪਹੁੰਚ ਗਈਆਂ ਸਨ। 2007 ਤੋਂ 2016 ਤੱਕ ਪ੍ਰਤੀ ਸਾਲ ਕਿਰਾਏ 'ਤੇ ਦੇਣ ਦੇ ਮਕਸਦ ਨਾਲ ਤਿਆਰ ਕੀਤੀਆਂ ਰਿਹਾਇਸ਼ਾਂ ਦੀ ਔਸਤ ਗਿਣਤੀ ਸਿਰਫ਼ 2,500 ਸੀ।
- ਸ਼ੌਰਟ-ਟਰਮ ਰੈਂਟਲ ਮਾਰਕਿਟ ਨੂੰ ਨਿਯੰਤਰਿਤ ਕਰਨ ਅਤੇ ਖਾਲੀ ਘਰਾਂ 'ਤੇ ਸਪੈਕਿਊਲੇਸ਼ਨ ਐਂਡ ਵੇਕਐਂਸੀ ਟੈਕਸ ਲਾਗੂ ਕਰਨ ਨਾਲ ਹਜ਼ਾਰਾਂ ਯੂਨਿਟ ਮੁੜ ਲੰਬੇ ਸਮੇਂ ਦੇ ਕਿਰਾਏ ਵਾਲੀ ਮਾਰਕਿਟ ਵਿੱਚ ਆ ਰਹੇ ਹਨ, ਜਿਸ ਨਾਲ ਉੱਚ ਮੰਗ ਵਾਲੇ ਭਾਈਚਾਰਿਆਂ ਵਿੱਚ ਦਬਾਅ ਘਟ ਰਿਹਾ ਹੈ।
- 'ਸ਼ੈਲਟਰ ਏਡ ਫਾਰ ਐਲਡਰਲੀ ਰੈਂਟਰਜ਼' (ਸ਼ਅਫਊ) ਪ੍ਰੋਗਰਾਮ ਹੁਣ ਹਰ ਸਾਲ 27,000 ਤੋਂ ਵੱਧ ਘੱਟ-ਆਮਦਨ ਵਾਲੇ ਬਜ਼ੁਰਗਾਂ ਨੂੰ ਕਿਰਾਏ ਦੀ ਲਾਗਤ ਵਿੱਚ ਮਦਦ ਕਰ ਰਿਹਾ ਹੈ।
- ਕਿਰਾਏਦਾਰ ਸੁਰੱਖਿਆ ਨੀਤੀਆਂ ਲਾਗਤਾਂ ਨੂੰ ਸਥਿਰ ਰੱਖ ਰਹੀਆਂ ਹਨ। ਸਾਲਾਨਾ ਮਨਜ਼ੂਰਸ਼ੁਦਾ ਕਿਰਾਏ ਵਿੱਚ ਵਾਧਾ ਮਹਿੰਗਾਈ ਨਾਲ ਜੋੜਿਆ ਗਿਆ ਹੈ ਜਿਸ ਨਾਲ ਮਹਿੰਗਾਈ ਤੋਂ ਉੱਪਰ ਲਾਗੂ ਹੋਣ ਵਾਲਾ ਪਹਿਲਾਂ ਦਾ 2% ਵਾਧੂ ਕਿਰਾਇਆ ਵਾਧਾ ਖਤਮ ਕਰ ਦਿੱਤਾ ਗਿਆ ਹੈ।



# PUNJABI JOURNAL

Volume: 19, Issue: 23 || Ph: 604-312-5678 || Friday, June 05, 2026


## ਮਾਊਂਟ ਐਵਰੈਸਟ ਫ਼ਤਹਿ ਕਰਕੇ ਵੈਨਕੂਵਰ ਪਰਤੇ ਅਜੇਪਾਲ ਧਾਲੀਵਾਲ ਦਾ ਹਵਾਈ ਅੱਡੇ ’ਤੇ ਭਰਵਾਂ ਸਵਾਗਤ



**ਵੈਨਕੂਵਰ**: ਦੁਨੀਆ ਦੀ ਸਭ ਤੋਂ ਉੱਚੀ ਅਤੇ ਦੁਰਗਮ ਚੋਟੀ ‘ਮਾਊਂਟ ਐਵਰੈਸਟ’ ਨੂੰ ਸਫ਼ਲਤਾਪੂਰਵਕ ਫ਼ਤਹਿ ਕਰਕੇ ਇਤਿਹਾਸ ਰਚਣ ਵਾਲੇ ਪ੍ਰਸਿੱਧ ਪਰਬਤਾਰੋਹੀ ਅਜੇਪਾਲ ਧਾਲੀਵਾਲ ਦਾ ਵੈਨਕੂਵਰ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਪਹੁੰਚਣ ’ਤੇ ਭਾਈਚਾਰੇ ਵੱਲੋਂ ਬੇਮਿਸਾਲ ਅਤੇ ਨਿੱਘਾ ਸਵਾਗਤ ਕੀਤਾ ਗਿਆ।

ਜਿਵੇਂ ਹੀ ਅਜੇਪਾਲ ਧਾਲੀਵਾਲ ਟਰਮੀਨਲ ਤੋਂ ਬਾਹਰ ਆਏ, ਉੱਥੇ ਮੌਜੂਦ ਪਰਿਵਾਰਕ ਮੈਂਬਰਾਂ, ਦੋਸਤਾਂ, ਸਨੇਹੀਆਂ ਅਤੇ ਪੰਜਾਬੀ ਭਾਈਚਾਰੇ ਦੇ ਸੈਂਕੜੇ ਲੋਕਾਂ ਨੇ ਉਨ੍ਹਾਂ ਨੂੰ ਫੁੱਲਾਂ ਦੇ ਹਾਰ ਪਾ ਕੇ ਅਤੇ ਗੁਲਦਸਤੇ ਭੇਟ ਕਰਕੇ ਇਸ ਇਤਿਹਾਸਕ ਪ੍ਰਾਪਤੀ ਲਈ ਵਧਾਈਆਂ ਦਿੱਤੀਆਂ।

ਜ਼ਿਕਰਯੋਗ ਹੈ ਕਿ ਅਜੇਪਾਲ ਧਾਲੀਵਾਲ ਨੇ 20 ਮਈ 2026 ਨੂੰ ਦੁਨੀਆ ਦੇ ਸਿਖਰ (ਮਾਊਂਟ ਐਵਰੈਸਟ) ’ਤੇ ਕਦਮ ਰੱਖ ਕੇ ਇਸ ਵਿਲੱਖਣ ਉਪਲਬਧੀ ਨੂੰ ਆਪਣੇ ਨਾਮ ਕੀਤਾ ਸੀ। ਇਸ ਚੁਣੌਤੀਪੂਰਨ ਮਿਸ਼ਨ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਸਾਲਾਂ ਬੱਧੀ ਸਖ਼ਤ ਮਿਹਨਤ, ਅਣਥੱਕ ਅਭਿਆਸ ਅਤੇ ਦ੍ਰਿੜ ਇਰਾਦੇ ਦਾ ਸਬੂਤ ਦਿੱਤਾ, ਜਿਸ ਸਦਕਾ ਅੱਜ ਉਨ੍ਹਾਂ ਨੇ ਵਿਸ਼ਵ ਭਰ ਵਿੱਚ ਪੰਜਾਬੀਆਂ ਦਾ ਨਾਮ ਰੌਸ਼ਨ ਕੀਤਾ ਹੈ।

ਸਵਾਗਤੀ ਲਈ ਪੁੱਜੇ ਪਤਵੰਤਿਆਂ ਅਤੇ ਬੁਲਾਰਿਆਂ ਨੇ ਅਜੇਪਾਲ ਧਾਲੀਵਾਲ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਸਫ਼ਲਤਾ ਸਿਰਫ਼ ਪੰਜਾਬੀ ਭਾਈਚਾਰੇ ਲਈ ਹੀ ਨਹੀਂ, ਸਗੋਂ ਸਮੁੱਚੇ ਕੈਨੇਡੀਅਨ ਸਮਾਜ ਲਈ ਇੱਕ ਬਹੁਤ ਵੱਡਾ ਮਾਣ ਹੈ। ਧਾਲੀਵਾਲ ਦੀ ਇਹ ਇਤਿਹਾਸਕ ਪ੍ਰਾਪਤੀ ਸਾਡੀ ਨੌਜਵਾਨ ਪੀੜ੍ਹੀ ਲਈ ਪ੍ਰੇਰਨਾ ਦਾ ਸਰੋਤ ਬਣੇਗੀ। ਇਸ ਨੇ ਸਾਬਤ ਕਰ ਦਿੱਤਾ ਹੈ ਕਿ ਜੇਕਰ ਇਰਾਦਾ ਅਟੱਲ ਹੋਵੇ ਅਤੇ ਮਿਹਨਤ ਸੱਚੀ ਹੋਵੇ, ਤਾਂ ਦੁਨੀਆ ਦਾ ਕੋਈ ਵੀ ਮੁਕਾਮ ਹਾਸਲ ਕਰਨਾ ਅਸੰਭਵ ਨਹੀਂ ਹੈ।

ਇਸ ਭਾਵੁਕ ਅਤੇ ਖ਼ੁਸ਼ੀ ਦੇ ਮੌਕੇ ’ਤੇ ਆਪਣੇ ਪਰਿਵਾਰ, ਦੋਸਤਾਂ ਅਤੇ ਸਮਰਥਕਾਂ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਅਜੇਪਾਲ ਧਾਲੀਵਾਲ ਨੇ ਕਿਹਾ ਕਿ ਇਹ ਸਫ਼ਲਤਾ ਮੈਨੂੰ ਮਿਲੇ ਸਹਿਯੋਗ, ਸਾਰਿਆਂ ਦੇ ਹੌਂਸਲੇ ਅਤੇ ਬਜ਼ੁਰਗਾਂ ਦੀਆਂ ਅਸੀਸਾਂ ਦਾ ਨਤੀਜਾ ਹੈ। ਜਦੋਂ ਮੈਂ ਐਵਰੈਸਟ ਦੀਆਂ ਕਠਿਨਾਈਆਂ ਨਾਲ ਲੜ ਰਿਹਾ ਸੀ, ਤਾਂ ਤੁਹਾਡੀਆਂ ਦੁਆਵਾਂ ਮੇਰੀ ਤਾਕਤ ਬਣੀਆਂ। ਇਹ ਉਪਲਬਧੀ ਸਿਰਫ਼ ਮੇਰੀ ਨਹੀਂ, ਸਗੋਂ ਸਮੁੱਚੇ ਭਾਈਚਾਰੇ ਦੇ ਮਾਣ ਦਾ ਪਲ ਹੈ।

ਇਸ ਯਾਦਗਾਰੀ ਪਲਾਂ ਦੌਰਾਨ ਭਾਈਚਾਰੇ ਦੀਆਂ ਕਈ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ, ਜਿਨ੍ਹਾਂ ਵਿੱਚ ਮੁੱਖ ਤੌਰ ‘ਤੇ ਬਲਜਿੰਦਰ ਸੰਘਾ, ਹਰਮੀਤ ਖੁੱਡੀਆਂ, ਮਨਜੀਤ ਮੰਗਤ, ਅਮਨ ਬਰਾੜ, ਕਰਤਾਰ ਢਿੱਲੋਂ, ਸੰਜੇ ਰਾਣਾ, ਟਿੱਕਾ ਸਰਾਓਂ ਅਤੇ ਹਰਪ੍ਰੀਤ ਧਾਲੀਵਾਲ ਸਮੇਤ ਵੱਡੀ ਗਿਣਤੀ ਵਿੱਚ ਪਤਵੰਤੇ ਸੱਜਣ ਸ਼ਾਮਲ ਸਨ। ਸਾਰਿਆਂ ਨੇ ਅਜੇਪਾਲ ਧਾਲੀਵਾਲ ਦੇ ਸੁਖਾਵੇਂ ਅਤੇ ਉੱਜਲ ਭਵਿੱਖ ਦੀ ਕਾਮਨਾ ਕੀਤੀ।

## ਅਮਰੀਕੀ ਸੰਸਦ ਵਲੋਂ ਈਰਾਨ ਨਾਲ ਜੰਗ ਰੋਕਣ ਲਈ ਮਤਾ ਪਾਸ

**ਵਾਸ਼ਿੰਗਟਨ,** ਅਮਰੀਕੀ ਪ੍ਰਤੀਨਿਧੀ ਸਭਾ ਨੇ ਈਰਾਨ ਵਿਰੁੱਧ ਜਾਰੀ ਫੌਜੀ ਮੁਹਿੰਮ ਨੂੰ ਰੋਕਣ ਲਈ ਇੱਕ ਪ੍ਰਸਤਾਵ ਪਾਸ ਕਰ ਦਿੱਤਾ ਹੈ¢ ਪ੍ਰਸਤਾਵ ‘ਚ ਕਿਹਾ ਗਿਆ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਕਾਂਗਰਸ ਦੀ ਮਨਜ਼ੂਰੀ ਤੋਂ ਬਿਨਾਂ ਫੌਜੀ ਕਾਰਵਾਈ ਜਾਰੀ ਨਹੀਂ ਰੱਖ ਸਕਦੇ। ਹਾਊਸ ਆਫ ਰਿਪ੍ਰੇਜ਼ੈਂਟੇਟਿਵਸ ‘ਚ ਇਹ ਪ੍ਰਸਤਾਵ 215-208 ਦੇ ਵੋਟਾਂ ਨਾਲ ਪਾਸ ਹੋਇਆ¢ ਚਾਰ ਰਿਪਬਲਿਕਨ ਸੰਸਦ ਮੈਂਬਰਾਂ ਨੇ ਵੀ ਡੈਮੋਕ੍ਰੇਟਸ ਦੇ ਨਾਲ ਵੋਟ ਪਾ ਕੇ ਟਰੰਪ ਦੇ ਵਿਰੁੱਧ ਰੁਖ ਅਪਣਾਇਆ। ਪ੍ਰਸਤਾਵ ਦੇ ਤਹਿਤ ਟਰੰਪ ਨੂੰ ਈਰਾਨ ਦੇ ਵਿਰੁੱਧ ਅੱਗੇ ਦੀ ਫੌਜੀ ਕਾਰਵਾਈ ਦੇ ਲਈ ਕਾਂਗਰਸ ਤੋਂ ਮਨਜ਼ੂਰੀ ਲੈਣੀ ਪਵੇਗੀ। ਮਨਜ਼ੂਰੀ ਨਾ ਮਿਲਣ ‘ਤੇ ਮਤਾ ਅਮਰੀਕੀ ਫੌਜੀ ਬਲਾਂ ਨੂੰ ਵਾਪਿਸ ਬੁਲਾਉਣ ਦੀ ਮੰਗ ਕੀਤੀ ਗਈ ਹੈ। ਪ੍ਰਸਤਾਵ ਹੁਣ ਸੈਨੇਟ ‘ਚ ਜਾਵੇਗਾ¢ ਉੱਥੇ ਮਨਜ਼ੂਰੀ ਤੋਂ ਬਾਅਦ, ਇਸਨੂੰ ਰਾਸ਼ਟਰਪਤੀ ਕੋਲ ਭੇਜਿਆ ਜਾਵੇਗਾ। ਹਾਲਾਂਕਿ, ਇਹ ਮੰਨਿਆ ਜਾ ਰਿਹਾ ਹੈ ਕਿ ਟਰੰਪ ਇਸ ਪ੍ਰਸਤਾਵ ਨੂੰ ਵੀਟੋ ਕਰ ਸਕਦੇ ਹਨ¢ਇਸ ਤੋਂ ਪਹਿਲਾਂ, ਟਰੰਪ ਨੇ ਇੱਕ ਪੋਡਕਾਸਟ ਇੰਟਰਵਿਊ ‘ਚ ਕਿਹਾ ਸੀ ਕਿ ਉਸਨੇ ਈਰਾਨ ਵਿਰੁੱਧ ਕਾਰਵਾਈ ਕਰਨ ਦਾ ਖੁਦ ਫੈਸਲਾ ਲਿਆ ਸੀ¢ ਉਨ੍ਹਾਂ ਨੇ ਕਿਹਾ ਸੀ, ‘ਕਿਸੇ ਨੇ ਮੈਨੂੰ ਇਸ ਲਈ ਉਕਸਾਇਆ ਜਾਂ ਪ੍ਰਭਾਵਿਤ ਨਹੀਂ ਕੀਤਾ। ਇਹ ਮੇਰਾ ਆਪਣਾ ਫੈਸਲਾ ਸੀ।’ ਵੋਟ ਨੂੰ ਟਰੰਪ ਦੀ ਰਿਪਬਲਿਕਨ ਪਾਰਟੀ ਦੇ ਅੰਦਰ ਵਧ ਰਹੀ ਅਸਹਿਮਤੀ ਵਜੋਂ ਦੇਖਿਆ ਜਾ ਰਿਹਾ ਹੈ¢ ਈਰਾਨ ਯੁੱਧ ਲਈ ਅਮਰੀਕਾ ‘ਚ ਜਨਤਕ ਸਮਰਥਨ ਵੀ ਸੀਮਤ ਰਿਹਾ ਹੈ, ਅਤੇ ਬਾਲਣ ਦੀਆਂ ਵਧਦੀਆਂ ਕੀਮਤਾਂ ਬਾਰੇ ਚਿੰਤਾਵਾਂ ਬਰਕਰਾਰ ਹਨ।

ਇਜ਼ਰਾਈਲੀ ਫੌਜ ਨੇ ਦੱਖਣੀ ਲਿਬਨਾਨ ਦੇ ਲੋਕਾਂ ਨੂੰ ਨਦੀ ਦੇ ਦੱਖਣ ਵਾਲੇ ਇਲਾਕਿਆਂ ‘ਚ ਨਾ ਜਾਣ ਦੀ ਚਿਤਾਵਨੀ ਦਿੱਤੀ ਹੈ ਙ ਫੌਜ ਦਾ ਕਹਿਣਾ ਹੈ ਕਿ ਖੇਤਰ ‘ਚ ਹਿਜ਼ਬੁੱਲਾ ਠਿਕਾਣਿਆਂ ਵਿਰੁੱਧ ਕਾਰਵਾਈਆਂ ਜਾਰੀ ਹਨ¢ ਇਜ਼ਾਰਈਲੀ ਫੌਜ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ ‘ਤੇ ਜਾਰੀ ਇੱਕ ਬਿਆਨ ‘ਚ, ਕਿਹਾ ਕਿ ਅਗਲੀ ਸੂਚਨਾ ਤੱਕ ਲੋਕਾਂ ਨੂੰ ਜ਼ਹਰਾਨੀ ਨਦੀ ਦੇ ਦੱਖਣ ਦੇ ਵੱਲ ਜਾਣ ਤੋਂ ਬਚਣਾ ਚਾਹੀਦਾ ਹੈ¢ ਫੌਜ ਦੇ ਅਨੁਸਾਰ, ਦੱਖਣੀ ਲਿਬਨਾਨ ‘ਚ ਹਿਜ਼ਬੁੱਲਾ ਨਾਲ ਜੁੜੇ ਢਾਂਚਿਆਂ ਅਤੇ ਠਿਕਾਣਿਆਂ ਵਿਰੁੱਧ ਕਾਰਵਾਈ ਜਾਰੀ ਹੈ। ਕਈ ਪਿੰਡਾਂ ਦੇ ਆਲੇ-ਦੁਆਲੇ ਫੌਜੀ ਕਾਰਵਾਈਆਂ ਵੀ ਚੱਲ ਰਹੀਆਂ ਹਨ¢ ਇਜ਼ਰਾਈਲ ਨੇ ਚਿਤਾਵਨੀ ਦਿੱਤੀ ਹੈ ਕਿ ਇਸ ਖੇਤਰ ‘ਚ ਜਾਣ ਵਾਲਿਆਂ ਦੀ ਜਾਨ ਖ਼ਤਰੇ ‘ਚ ਪੈ ਸਕਦੀ ਹੈ। ਇਹ ਚਿਤਾਵਨੀ ਅਜਿਹੇ ਸਮੇਂ ਆਈ ਹੈ ਜਦੋਂ ਇਜ਼ਰਾਈਲੀ ਅਤੇ ਲਿਬਨਾਨੀ ਸਰਕਾਰਾਂ ਹਾਲ ਹੀ ਵਿੱਚ ਅਮਰੀਕੀ ਵਿਚੋਲਗੀ ਹੇਠ ਜੰਗਬੰਦੀ ਲਾਗੂ ਕਰਨ ਲਈ ਸਹਿਮਤ ਹੋਈਆਂ ਹਨ¢ ਇਸ ਦੇ ਬਾਵਜੂਦ, ਦੱਖਣੀ ਲਿਬਨਾਨ ‘ਚ ਫੌਜੀ ਕਾਰਵਾਈ ਅਤੇ ਹਵਾਈ ਹਮਲੇ ਜਾਰੀ ਹਨ।


WCC

WESTERN COMMUNITY COLLEGE



JUMPSTART YOUR CAREER WITH WESTERN COMMUNITY COLLEGE!

TRAIN FOR IN-DEMAND CAREERS IN:

MASSAGE THERAPY
GRADUATE IN 52 WEEKS

AVIATION
EARN YOUR PPL & CPL

PHARMACY TECHNICIAN
HIGH-DEMAND, HIGH-PAYING FIELD

APPLY NOW: WCC.CA

# ਸਰੀ ’ਚ ਉਭਰਦੇ ਨੌਜਵਾਨ ਸ਼ਾਇਰਾਂ ਨੇ ਉਸਤਾਦ ਤਜੰਮੁਲ ਕਲੀਮ ਦੀ ਯਾਦ ’ਚ ਸਜਾਈ ਯਾਦਗਾਰੀ ਮਹਿਫ਼ਿਲ



**ਸਰੀ**: ਪਰਦੇਸ ਦੀ ਧਰਤੀ ’ਤੇ ਪੜ੍ਹਾਈ ਦੇ ਬੋਝ, ਰੋਜ਼ੀ-ਰੋਟੀ ਦੀ ਜੱਦੋਜਹਿਦ ਅਤੇ ਭਵਿੱਖ ਨੂੰ ਸਥਾਪਿਤ ਕਰਨ ਦੀਆਂ ਚੁਣੌਤੀਆਂ ਦੇ ਦਰਮਿਆਨ, ਸਰੀ ਦੇ ਨੌਜਵਾਨਾਂ ਨੇ ਪੰਜਾਬੀ ਮਾਂ-ਬੋਲੀ ਦੀ ਸੇਵਾ ਦੀ ਇੱਕ ਮਿਸਾਲੀ ਇਬਾਰਤ ਲਿਖੀ ਹੈ। ਬੀਤੇ ਦਿਨੀਂ ‘ਪੰਜਾਬੀ ਗ਼ਜ਼ਲ’ ਸੰਸਥਾ ਵੱਲੋਂ ਸਰੀ ਦੇ ‘ਇੰਡੀਅਨ ਕਲੱਬ ਹਾਊਸ’ ਵਿਖੇ ਇੱਕ ਬੇਹੱਦ ਰਵਾਇਤੀ, ਸੰਜੀਦਾ ਅਤੇ ਸ਼ਾਨਦਾਰ ਮੁਸ਼ਾਇਰਾ ਕਰਵਾਇਆ ਗਿਆ। ਇਹ ਮੁਹੱਬਤੀ ਸ਼ਾਮ ਪਾਕਿਸਤਾਨ ਦੇ ਸਵਰਗੀ ਨਾਮਵਰ ਸ਼ਾਇਰ ਉਸਤਾਦ ਤਜੰਮੁਲ ਕਲੀਮ ਦੀ ਮਿੱਠੀ ਯਾਦ ਨੂੰ ਸਮਰਪਿਤ ਸੀ, ਜਿਨ੍ਹਾਂ ਦੀ ਅਦਬੀ ਵਿਰਾਸਤ ਅੱਜ ਦਿਆਂ ਨੌਜਵਾਨਾਂ ਦੇ ਦਿਲਾਂ ਵਿੱਚ ਚਾਨਣ ਬਿਖੇਰ ਰਹੀ ਹੈ।

ਇਸ ਸਮਾਗਮ ਦੀ ਸਭ ਤੋਂ ਵੱਡੀ ਖ਼ੂਬਸੂਰਤੀ ਇਹ ਸੀ ਕਿ ‘ਪੰਜਾਬੀ ਗ਼ਜ਼ਲ’ ਸੰਸਥਾ ਦੀ ਪ੍ਰਬੰਧਕੀ ਟੀਮ ਦੇ ਬਹੁਤੇ ਮੈਂਬਰ ਸਰੀ ਵਿੱਚ ਰਹਿ ਰਹੇ ਅੰਤਰਰਾਸ਼ਟਰੀ ਵਿਦਿਆਰਥੀ (ਇੰਟਰਨੈਸ਼ਨਲ ਸਟੂਡੈਂਟਸ) ਹਨ। ਅੱਜ ਦੇ ਦੌਰ ਵਿੱਚ ਜਿੱਥੇ ਆਮ ਬਹਿਸਾਂ ਵਿਦਿਆਰਥੀਆਂ ਦੀਆਂ ਮੁਸ਼ਕਿਲਾਂ ਜਾਂ ਨਕਾਰਾਤਮਕ ਵਿਵਾਦਾਂ ਦੁਆਲੇ ਘੁੰਮਦੀਆਂ ਹਨ, ਉੱਥੇ ਇਸ ਮਹਿਫ਼ਿਲ ਨੇ ਇੱਕ ਬੇਹੱਦ ਸਕਾਰਾਤਮਕ ਅਤੇ ਪ੍ਰੇਰਨਾਦਾਇਕ ਪੱਖ ਸਾਹਮਣੇ ਲਿਆਂਦਾ ਹੈ।

ਨੌਜਵਾਨ ਪ੍ਰਬੰਧਕਾਂ ਬਲਕਾਰ, ਬਲਤੇਜ ਬਰਾੜ, ਨੂਰ ਬੱਲ, ਸੰਧੂ ਚੋਹਲਾ, ਸਤਬੀਰ, ਅਨੰਤ, ਦੀਤ, ਹਰਪ੍ਰੀਤ ਬਰਾੜ, ਹਨੀ, ਸਤਵਿੰਦਰ ਅਤੇ ਅਨਮੋਲ ਨੇ ਜਿਸ ਉੱਚਪਾਏ ਦੀ ਲਗਨ, ਕਲਾਤਮਕ ਸੂਹਜ ਅਤੇ ਲੀਡਰਸ਼ਿਪ ਦਾ ਸਬੂਤ ਦਿੱਤਾ, ਉਸ ਨੂੰ ਦੇਖ ਕੇ ਇੰਝ ਲੱਗਦਾ ਸੀ ਜਿਵੇਂ ਇਹ ਕਾਰਜ ਵਰ੍ਹਿਆਂ ਤੋਂ ਮਹਿਫ਼ਿਲਾਂ ਸਜਾਉਣ ਵਾਲੇ ਤਜਰਬੇਕਾਰ ਪ੍ਰਬੰਧਕਾਂ ਨੇ ਕੀਤਾ ਹੋਵੇ। ਪੰਜਾਬੀ ਮਾਂ-ਬੋਲੀ ਦੀ ਸੇਵਾ ਅਤੇ ਭਾਈਚਾਰਕ ਸਾਂਝ ਦਾ ਜਜ਼ਬਾ ਪ੍ਰੋਗਰਾਮ ਦੇ ਹਰ ਰੰਗ ਵਿੱਚੋਂ ਝਲਕ ਰਿਹਾ ਸੀ। ਇਸ ਸੰਸਥਾ ਦੀ ਸਾਹਿਤਕ ਹਲਕਿਆਂ ਵਿੱਚ ਬਣੀ ਗੂੜ੍ਹੀ ਪਛਾਣ ਦਾ ਪ੍ਰਤੱਖ ਪ੍ਰਮਾਣ ਉਦੋਂ ਮਿਲਿਆ, ਜਦੋਂ ਪ੍ਰਸਿੱਧ ਗਾਇਕ-ਸ਼ਾਇਰ ਅਜ਼ੀਮ ਇਸ ਮਹਿਫ਼ਿਲ ਵਿੱਚ ਸ਼ਾਮਲ ਹੋਣ ਲਈ ‘ਪ੍ਰਿੰਸ ਜਾਰਜ’ ਤੋਂ ਉਚੇਚੇ ਤੌਰ ‘ਤੇ ਲੰਮਾ ਸਫ਼ਰ ਤੈਅ ਕਰਕੇ ਪਹੁੰਚੇ।

ਮੁਸ਼ਾਇਰੇ ਦੌਰਾਨ 19 ਨਾਮਵਰ ਸ਼ਾਇਰਾਂ ਅਤੇ ਗਾਇਕਾਂ ਨੇ ਆਪਣੀ ਕਲਾਮ ਰਾਹੀਂ ਹਾਜ਼ਰੀ ਲਵਾਈ, ਜਿਨ੍ਹਾਂ ਵਿੱਚ ਸਿੱਧੂ ਬਲਕਾਰ, ਸ਼ਿਫ਼ਾਇਤ ਅਲੀ, ਜੱਸ, ਗੁਰੂ, ਸੰਧੂ ਚੋਹਲਾ, ਬਲਤੇਜ ਬਰਾੜ, ਨੂਰ ਬੱਲ, ਨਵਜੀਤ, ਦਸ਼ਮੇਸ਼ ਗਿੱਲ ਫ਼ਿਰੋਜ਼, ਰਾਜਵੰਤ ਰਾਜ, ਦਵਿੰਦਰ ਗੌਤਮ, ਪ੍ਰੀਤ ਮਨਪ੍ਰੀਤ, ਸੁਖਜੀਤ ਕੌਰ, ਹਰਸ਼ ਬਦੇਸ਼ਾ, ਵਸੁੰਧਰਾ ਰੋਗਨ, ਸਤਬੀਰ, ਮਨਪ੍ਰੀਤ, ਹਰਪ੍ਰੀਤ ਬਰਾੜ, ਅਤੇ ਅਜ਼ੀਜ਼ ਸ਼ਾਮਲ ਸਨ। ਹਾਲਾਂਕਿ ਬਹੁਤੇ ਫ਼ਨਕਾਰ ਉਮਰ ਦੇ ਲਿਹਾਜ਼ ਨਾਲ ਅਜੇ ਨੌਜਵਾਨ ਹਨ, ਪਰ ਉਨ੍ਹਾਂ ਦੀ ਸ਼ਾਇਰੀ ਵਿੱਚਲੀ ਡੂੰਘਾਈ, ਪਰਪੱਕਤਾ ਅਤੇ ਜਜ਼ਬਾਤੀ ਸੁਹਿਰਦਤਾ ਨੇ ਹਾਲ ਵਿੱਚ ਬੈਠੇ ਸਭਨਾਂ ਸਰੋਤਿਆਂ ਨੂੰ ਹੈਰਾਨ ਕਰ ਦਿੱਤਾ। ਹਰ ਸ਼ਿਅਰ ’ਤੇ ਸਰੋਤਿਆਂ ਵੱਲੋਂ ਦਿਲੋਂ ਨਿਕਲੀ ਦਾਦ ਨੇ ਮਾਹੌਲ ਨੂੰ ਰੂਹਾਨੀ ਰੰਗ ਦਿੱਤਾ।

ਇਨ੍ਹਾਂ ਨੌਜਵਾਨਾਂ ਨੇ ਸਥਾਨਕ ਸਾਹਿਤਕ ਸੰਸਥਾਵਾਂ ‘ਗ਼ਜ਼ਲ ਮੰਚ ਸਰੀ’, ‘ਸ਼ਾਇਰੀ ਕਲੱਬ’ ਅਤੇ ‘ਕਲਮਾਂ ਬੋਲਦੀਆਂ’ ਦੇ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਨਿੱਘਾ ਜੀ ਆਇਆਂ ਆਖ ਕੇ ਸਾਂਝੀਵਾਲਤਾ ਦੀ ਇੱਕ ਖ਼ੂਬਸੂਰਤ ਪਿਰਤ ਪਾਈ। ਇਸ ਆਪਸੀ ਸਹਿਯੋਗ ਨੇ ਸਾਹਿਤਕ ਭਾਈਚਾਰੇ ਵਿੱਚ ਆਪਸੀ ਪੁਲ ਉਸਾਰਨ ਦੀ ਅਹਿਮੀਅਤ ਨੂੰ ਹੋਰ ਦ੍ਰਿੜ੍ਹ ਕੀਤਾ।

‘ਗ਼ਜ਼ਲ ਮੰਚ ਸਰੀ’ ਨੇ ‘ਪੰਜਾਬੀ ਗ਼ਜ਼ਲ’ ਦੀ ਪੂਰੀ ਟੀਮ ‘ਤੇ ਬੇਹੱਦ ਫ਼ਖ਼ਰ ਮਹਿਸੂਸ ਕਰਦਿਆਂ ਭਵਿੱਖ ਵਿੱਚ ਵੀ ਇਨ੍ਹਾਂ ਉਭਰਦੇ ਸਿਤਾਰਿਆਂ ਦੀ ਰਹਿਨੁਮਾਈ ਅਤੇ ਪਿੱਠ ਥਾਪੜਨ ਦਾ ਅਹਿਦ ਦੁਹਰਾਇਆ। ਮੰਚ ਵੱਲੋਂ ਸਿੱਧੂ ਬਲਕਾਰ, ਬਲਤੇਜ ਬਰਾੜ ਅਤੇ ਸਮੁੱਚੀ ਟੀਮ ਨੂੰ ਇਸ ਬੇਹੱਦ ਸਫ਼ਲ, ਸਾਰਥਕ ਅਤੇ ਯਾਦਗਾਰੀ ਅਦਬੀ ਸ਼ਾਮ ਲਈ ਮੁਬਾਰਕਬਾਦ ਦਿੱਤੀ ਗਈ।

## ਹਰਿਮੰਦਰ ਸਾਹਿਬ

ਜਿਥੇ ਮਨ ਨੂੰ ਠੰਡਕ, ਮਿਲਦੀ ਏ
ਤੇ ਕਲੀ ਸੁਰਤ ਦੀ ,ਖਿਲਦੀ ਏ
ਜਿਹਦੇ ਵਰਗੀ ਕੋਈ ਥਾਂ ਨਹੀਂ
ਕੋਈ ਰੁਤਬਾ ਤੇ ਕੋਈ ਸ਼ਾਨ ਨਹੀਂ

ਪਿੰਗਲੇ ਹੋਏ ਠੀਕ ਜਿਥੇ
ਦਿਲ ਤਪਦੇ ਹੁੰਦੇ ਸੀਤ ਜਿਥੇ
ਰਸ ਡੁਲ੍ਹਦਾ ਮਿੱਠਾ ਬਾਣੀ ਦਾ
ਦੁੱਖ ਤੋੜੇ ਛਿੱਟਾ ਪਾਣੀ ਦਾ

ਜਿਥੇ ਸੁਪਨੇ ਸਦਾ ਸਕਾਰ ਹੁੰਦੇ
ਪਿੰਗਲੇ ਪੱਬਾਂ ਭਾਰ ਹੁੰਦੇ
ਜਿਥੇ ਕਾਲੇ ਕਾਂ ਵੀ ,ਹੰਸ ਹੋਏ
ਮੱਸੇ ਰੰਗੜਾਂ ਦੇ ਸੀ ,ਅੰਤ ਹੋਏ

ਜਿਹਦੀ ਜੂਹ ਤੇ ਆ ਕੇ ਟੈਂਕ ਚੜੇ
ਤੇ ਯੋਧੇ ਹਿੱਕਾਂ ਤਾਣ ਲੜੇ
ਜਿਹਨੂੰ ਮਾਰਨ ਵਾਲੇ ,ਆਪ ਮਰੇ
ਗੱਡੀ ਚੜਗੇ ਪਾਪੀ ,ਬੜੇ ਬੜੇ

ਜਿਥੇ ਸੋਨੇ ਰੰਗੀਆਂ ਝਲਕਾਂ ਨੇ
ਸਿਰ ਨੀਵੇਂ ਝੁਕੀਆਂ ਪਲਕਾਂ ਨੇ
ਜਿਥੇ ਬਾਬਾ ਦੀਪ ਨੇ ਸਾਹ ਛੱਡੇ
ਬਿਨ ਸੀਸ ਤੋਂ ਖੰਡੇ ,ਵਾਹ ਛੱਡੇ

ਜਿੱਥੇ ਸਾਡੀ ਕੌਮ ਦਾ ਤਖ਼ਤ ਹੈ
ਜਿੱਥੇ ਡੁੱਲਿਆ ਸਾਡਾ ਰਕਤ ਹੈ
ਜਿਸ ਜਗ੍ਹਾ ਤੇ ਫ਼ੌਜਾਂ ਚਾੜ੍ਹੀਆਂ ਸੀ
ਤੇ ਯੋਧਿਆਂ ਜਾਨਾਂ ਵਾਰੀਆਂ ਸੀ

ਜਿਹਦੇ ਬੂਹੇ ਚਾਰ ਦਿਸ਼ਾਵਾਂ ਨੂੰ
ਤੇ ਬੁੰਗੇ ਦਿਸਣ ,ਉਤਾਹਾਂ ਨੂੰ
ਚਰਨਾਂ ਵਿੱਚ ਸੀਸ ਨੂੰ ਧਰਦੇ ਹਾਂ
ਉਸ ਧਰਤ ਨੂੰ ਸਜਦਾ ਕਰਦੇ ਹਾਂ

ਜਿਹੜੇ ਮਾੜੀ ਨਿਗਾ ਨਾ ,ਤੱਕਦੇ ਨੇ
ਇਹਦੇ ਮੂਹਰੇ ਸਿਰ ਜੋ ,ਚੱਕਦੇ ਨੇ
ਜਾ ਦਿੱਲੀ ਵਿੱਚ ਅੜੰਗ ਦਈਦੇ
ਸਿਰ ਨੇਜਿਆਂ ਉੱਤੇ ਟੰਗ ਦਈਦੇ

ਜਿੱਥੇ ਝੁਕਦਾ ,ਬੱਚਾ ਬੱਚਾ ਹੈ
ਜਿਹਦਾ ਪਾਕ ਹਰ,ਪੱਤਾ ਪੱਤਾ ਹੈ
ਦਰ, ਡਾਨਸੀਵਾਲੀਆ,ਸੱਚਾ ਹੈ
ਉਹ ਸਾਡੀ ਕੌਮ ਦਾ ਮੱਕਾ ਹੈ

ਕੁਲਵੀਰ ਸਿੰਘ ਡਾਨਸੀਵਾਲ

ANSATEL COMMUNICATIONS

Helping Lower Mainland Businesses Since 1983



Panasonic
ideas for life

- VOIP Telephone Systems
- VOIP Phone Lines
- Data & Telephone Cabling
- Automatic Call Distribution
- CTI (Computer Telephone Integration)
- Wireless & Corded Headsets
- Multiline Wireless Telephones
- Lease Or Rental Packages
- Service Other Makes & Models

Helping Lower Mainland Businesses Since 1983

*Customized Solutions to Suit Your Needs.*

**604-872-6500**

2148 Kingsway, Vancouver [ www.ansatel.com - info@ansatel.com

24/7 SALES & SERVICE

# ਸਰੀ ’ਚ 4 ਮਹੀਨਿਆਂ ਦੌਰਾਨ 31 ਫ਼ੀਸਦੀ ਵਧੇ ਅਪਰਾਧ

## ਚਾਰ ਮਹੀਨਿਆਂ ਦੌਰਾਨ ਹਮਲਿਆਂ ਦੇ ਮਾਮਲਿਆਂ ਵਿਚ 24 ਫ਼ੀਸਦੀ ਵਾਧਾ




**ਸਰੀ**: ਸਰੀ ਸ਼ਹਿਰ ‘ਚ ਸਾਲ 2026 ਦੇ ਪਹਿਲੇ ਚਾਰ ਮਹੀਨਿਆਂ ਦੌਰਾਨ ਅਪਰਾਧ ਦੇ ਮਾਮਲਿਆਂ ਵਿਚ ਵੱਡਾ ਵਾਧਾ ਦਰਜ ਕੀਤਾ ਹੈ। ਸਰੀ ਪੁਲੀਸ ਸਰਵਿਸ (ਐੱਸ.ਪੀ.ਐੱਸ.) ਦੇ ਅੰਕੜਿਆਂ ਅਨੁਸਾਰ ਜਨਵਰੀ ਤੋਂ ਅਪ੍ਰੈਲ ਦੇ ਵਿਚਕਾਰ ਲੋਕਾਂ ਖ਼ਿਲਾਫ਼ ਹੋਣ ਵਾਲੇ ਅਪਰਾਧਾਂ ਵਿਚ 31 ਫ਼ੀਸਦੀ ਅਤੇ ਜਾਇਦਾਦ ਸਬੰਧੀ ਅਪਰਾਧਾਂ ਵਿਚ 12 ਫ਼ੀਸਦੀ ਦਾ ਵਾਧਾ ਹੋਇਆ ਹੈ।

ਸਭ ਤੋਂ ਚਿੰਤਾਜਨਕ ਅੰਕੜੇ ਕਤਲ ਅਤੇ ਗੋਲੀਬਾਰੀ ਨਾਲ ਜੁੜੇ ਹਨ। ਇਸ ਸਮੇਂ ਦੌਰਾਨ ਕਤਲ ਦੇ ਮਾਮਲਿਆਂ ਦੀ ਗਿਣਤੀ 2 ਤੋਂ ਵਧ ਕੇ 8 ਹੋ ਗਈ, ਜੋ 300 ਫ਼ੀਸਦੀ ਦਾ ਵਾਧਾ ਦਰਸਾਉਂਦੀ ਹੈ। ਗੋਲੀਬਾਰੀ ਦੀਆਂ ਘਟਨਾਵਾਂ 17 ਤੋਂ ਵੱਧ ਕੇ 33 ਹੋ ਗਈਆਂ, ਮਤਲਬ 94 ਫ਼ੀਸਦੀ ਦਾ ਵਾਧਾ। ਪੁਲੀਸ ਦਾ ਮੰਨਣਾ ਹੈ ਕਿ ਸੰਗਠਿਤ ਅਪਰਾਧ ਅਤੇ ਗੈਂਗ ਗਤੀਵਿਧੀਆਂ ਇਸ ਦੇ ਪਿੱਛੇ ਇਕ ਮੁੱਖ ਕਾਰਨ ਹੋ ਸਕਦੀਆਂ ਹਨ।

**ਵਧਿਆ ਫ਼ਿਰੌਤੀ ਦਾ ਖ਼ਤਰਾ:**

‘ਸਾਊਥ ਏਸ਼ੀਅਨ ਸੀਰੀਜ਼’ ਨਾਲ ਜੁੜੇ ਫਿਰੌਤੀ ਦੇ ਮਾਮਲਿਆਂ ਵਿਚ ਸਭ ਤੋਂ ਵੱਧ ਵਾਧਾ ਦਰਜ ਕੀਤਾ ਗਿਆ। ਅਜਿਹੇ ਮਾਮਲਿਆਂ ਦੀ ਗਿਣਤੀ 4 ਤੋਂ ਵਧ ਕੇ 95 ਹੋ ਗਈ ਹੈ। ਹਾਲ ਹੀ ਦੇ ਮਹੀਨਿਆਂ ਵਿਚ ਸਰੀ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਭਾਰਤੀ ਅਤੇ ਪੰਜਾਬੀ ਮੂਲ ਦੇ ਕਾਰੋਬਾਰੀਆਂ ਨੂੰ ਧਮਕੀ ਭਰੇ ਫ਼ੋਨ, ਸੁਨੇਹੇ ਅਤੇ ਫ਼ਿਰੌਤੀ ਦੀ ਮੰਗ ਦੇ ਕਈ ਮਾਮਲੇ ਸਾਹਮਣੇ ਆਏ ਹਨ।

**ਲੁੱਟ-ਖੋਹ ਅਤੇ ਹਮਲਿਆਂ ’ਚ ਵਾਧਾ:**

ਚਾਰ ਮਹੀਨਿਆਂ ਦੌਰਾਨ ਹਮਲਿਆਂ ਦੇ ਮਾਮਲਿਆਂ ਵਿਚ 24 ਫ਼ੀਸਦੀ ਵਾਧਾ ਦਰਜ ਕੀਤਾ ਗਿਆ। ਇਨ੍ਹਾਂ ਦੀ ਗਿਣਤੀ 1,062 ਤੋਂ ਵਧ ਕੇ 1,314 ਹੋ ਗਈ। ਉੱਥੇ ਹੀ ਲੁੱਟ-ਖੋਹ ਦੇ ਮਾਮਲੇ 30 ਫ਼ੀਸਦੀ ਵੱਧ ਕੇ 158 ਤੱਕ ਪਹੁੰਚ ਗਏ। ਜਿਨਸੀ ਅਪਰਾਧਾਂ ਵਿਚ ਵੀ 16 ਫ਼ੀਸਦੀ ਦਾ ਵਾਧਾ ਦੇਖਿਆ ਗਿਆ। ਜਾਇਦਾਦ ਸਬੰਧੀ ਅਪਰਾਧਾਂ ਵਿਚ ਸਭ ਤੋਂ ਵੱਧ ਵਾਧਾ ਵਪਾਰਕ ਅਦਾਰਿਆਂ ਵਿਚ ਚੋਰੀ ਦੇ ਮਾਮਲਿਆਂ ਵਿਚ ਦਰਜ ਹੋਇਆ। ਅਜਿਹੇ ਮਾਮਲੇ 144 ਤੋਂ ਵਧ ਕੇ 231 ਹੋ ਗਏ, ਜੋ 60 ਫ਼ੀਸਦੀ ਦਾ ਵਾਧਾ ਹੈ। ਗੱਡੀਆਂ ਵਿਚੋਂ ਚੋਰੀ ਦੀਆਂ ਘਟਨਾਵਾਂ ਵਿਚ ਵੀ 21 ਫ਼ੀਸਦੀ ਦਾ ਵਾਧਾ ਹੋਇਆ, ਹਾਲਾਂਕਿ ਗੱਡੀ ਚੋਰੀ ਹੋਣ ਅਤੇ ਘਰਾਂ ਵਿਚ ਚੋਰੀ ਹੋਣ ਦੇ ਮਾਮਲਿਆਂ ਵਿਚ ਮਾਮੂਲੀ ਕਮੀ ਦਰਜ ਕੀਤੀ ਗਈ।

**ਧੋਖਾਦੇਹੀ ਦੇ ਮਾਮਲੇ ਵਧੇ:**

ਡਿਜੀਟਲ ਅਪਰਾਧਾਂ ਵਿਚ ਵੀ ਤੇਜ਼ੀ ਦੇਖਣ ਨੂੰ ਮਿਲੀ। ਪਛਾਣ ਚੋਰੀ ਅਤੇ ਧੋਖਾਦੇਹੀ ਦੇ ਮਾਮਲਿਆਂ ਵਿਚ 59 ਫ਼ੀਸਦੀ ਦਾ ਵਾਧਾ ਹੋਇਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਆਨਲਾਈਨ ਵਿੱਤੀ ਲੈਣ-ਦੇਣ ਵਧਣ ਦੇ ਨਾਲ-ਨਾਲ ਸਾਈਬਰ ਅਪਰਾਧੀਆਂ ਦੀਆਂ ਗਤੀਵਿਧੀਆਂ ਵੀ ਤੇਜ਼ ਹੋਈਆਂ ਹਨ।

ਮਾਨਸਿਕ ਸਿਹਤ ਨਾਲ ਸਬੰਧਿਤ ਮਾਮਲਿਆਂ ਵਿਚ 36 ਫ਼ੀਸਦੀ ਦਾ ਵਾਧਾ ਦਰਜ ਕੀਤਾ ਗਿਆ। ਅਜਿਹੇ ਮਾਮਲਿਆਂ ਦੀ ਗਿਣਤੀ 1,385 ਤੋਂ ਵਧ ਕੇ 1,881 ਹੋ ਗਈ।

**ਲਾਪਤਾ ਵਿਅਕਤੀਆਂ ਦੇ ਮਾਮਲੇ ਵੀ ਵਧੇ:**

ਜਨਵਰੀ ਤੋਂ ਅਪ੍ਰੈਲ 2026 ਦੌਰਾਨ ਲਾਪਤਾ ਵਿਅਕਤੀਆਂ ਦੇ ਮਾਮਲਿਆਂ ਵਿਚ 4 ਫ਼ੀਸਦੀ ਵਾਧਾ ਦਰਜ ਕੀਤਾ ਗਿਆ। ਹਾਲਾਂਕਿ ਸੜਕ ਹਾਦਸਿਆਂ ਵਿਚ ਹੋਣ ਵਾਲੀਆਂ ਮੌਤਾਂ ਵਿਚ 14 ਫ਼ੀਸਦੀ ਦੀ ਕਮੀ ਆਈ ਹੈ, ਜਿਸ ਨੂੰ ਪੁਲੀਸ ਸਕਾਰਾਤਮਕ ਸੰਕੇਤ ਮੰਨ ਰਹੀ ਹੈ। ਦਿਲਚਸਪ ਗੱਲ ਇਹ ਹੈ ਕਿ ਅਪਰਾਧ ਵਧਣ ਦੇ ਬਾਵਜੂਦ ਪੁਲੀਸ ਨੂੰ ਮਿਲਣ ਵਾਲੀਆਂ ਕੁੱਲ ਸਰਵਿਸ ਕਾਲਾਂ ਵਿਚ 3 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ। ਇਸ ਸਾਲ ਪਹਿਲੇ ਚਾਰ ਮਹੀਨਿਆਂ ਵਿਚ 55,706 ਕਾਲਾਂ ਪ੍ਰਾਪਤ ਹੋਈਆਂ, ਜਦਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ ਇਹ ਗਿਣਤੀ 57,159 ਸੀ।

ਕਿਸੇ ਵੀ ਤਰ੍ਹਾਂ ਦੀ ਇਮੀਗਰੇਸ਼ਨ ਸਬੰਧੀ
ਸੇਵਾਵਾਂ ਲਈ ਅੱਜ ਹੀ ਸੰਪਰਕ ਕਰੋ

Transparent
IMMIGRATION
SERVICES INC

- Visitor Visa/Extension
- Super Visa
- Study Permit/ PGWP
- LMIA
- Work Permit
- Spousal Sponsorship
- Express Entry Application
- PR Application/Renewal
- Citizenship Application
- Family Sponsorship



Maninder Kaur
(RCIC)

For more information Contact 778-951-8252
#219, 7928-128 St. Surrey, British Columbia, V3W 4E8
Email: info@transparentimmigration.com

CONNECT
INSURANCE BROKERS INC.

ਸੁਪਰ ਵੀਜ਼ਾ ਇੰਸ਼ੋਰੈਂਸ

Autoplan [ Home [ Travel
Mortgage [ Tenant

Call Now:
604.553.6616

165-23233 Gilley Road
Richmond, BC V6V 1E6


WCC
WESTERN COMMUNITY COLLEGE
REGISTERED MASSAGE THERAPIST
PROGRAM
Become a Massage Therapist
Graduate In Under 2 Years with an average hourly wage of $80/hr*
START YOUR RMT JOURNEY
Gain hands-on training, in-depth knowledge, and clinical experience to become a licensed massage therapist in BC. Our RMT program prepares you for CCOA board exams and a successful career in healthcare.
FLEXIBLE SCHEDULES
FINANCIAL AID AVAILABLE
97% GRADUATE EMPLOYMENT RATE
$80* HOURLY WAGE AVERAGE
SURREY CAMPUS
604.594.3500
WCC.CA/RMT

# ਹਾਸ-ਵਿਅੰਗ : ਮੋਬਾਈਲ ਦੇ ਪੁਆੜੇ

ਤਾਏ ਬਿਸ਼ਨ ਸਿਉਂ ਨੂੰ ਜਦ ਵੀ ਵਿਹਲ ਮਿਲਦਾ ਝੱਟ ਮੋਬਾਈਲ ਵੇਖਣ ਲੱਗ ਜਾਂਦਾ। ਸਵੇਰੇ ਉੱਠਦੇ ਸਾਰ ਵ੍ਹਟਸਐਪ ਖੋਲ੍ਹ ਲੈਂਦਾ ਜਾਂ ਯੂ-ਟਿਊਬ ਅਤੇ ਇੰਸਟਾਗ੍ਰਾਮ ਵੇਖਦਾ। ਇਸ ਵਿਚ ਤਾਏ ਦਾ ਕੀ ਕਸੂਰ ਸੀ? ਤਾਇਆ ਬਹੁਤ ਗਰੁੱਪਾਂ ਨਾਲ ਜੁੜਿਆ ਹੋਇਆ ਸੀ। ਸ਼ੇਅਰ ਚੈਟ ਅਤੇ ਫੇਸਬੁੱਕ ਵੀ ਚਲਾਉਂਦਾ ਸੀ। ਤਾਏ ਨੂੰ ਇਕ ਭੈੜੀ ਆਦਤ ਪੈ ਗਈ। ਉਹ ਸੋਹਣੀਆਂ-2 ਕੁੜੀਆਂ ਦੀਆਂ ਫੋਟੋਆਂ ਡੀਲੀਟ ਨਾ ਕਰਦਾ। ਤਾਈ ਤੋਂ ਡਰਦਾ ਲੁਕਾਈਆਂ ਹੋਈਆਂ ਐਲਬੰਮਾਂ ਵਿਚ ਭੇਜ ਦਿੰਦਾ। ਜਦ ਤਾਈ ਘਰ ਨਾ ਹੁੰਦੀ, ਮਨ ਨੂੰ ਬਹਿਲਾਉਣ ਲਈ ਉਹੀ ਦੇਖਦਾ ਰਹਿੰਦਾ, ਜਾਂ ਯੂ ਟਿਊਬ ਦੇਖਦਾ। ਅੱਧੀ ਬੈਟਰੀ ਅੱਠ ਨੌਂ ਵੱਜਦੇ ਨੂੰ ਚੱਕ ਦਿੰਦਾ।

ਜੇ ਤਾਈ ਨੇ ਕਹਿਣਾ, 'ਉੱਠਦੇ ਸਾਰ ਮੋਬਾਈਲ ਚੁੱਕ ਲਿਆ, ਉੱਠ ਕੇ ਬਰੱਸ਼ ਕਰ ਲੈ, ਮੈਂ ਕਦੋਂ ਦੀ ਚਾਹ ਬਣਾਈ ਬੈਠੀ ਹਾਂ, ਸਾਰੀ ਦਿਹਾੜੀ ਇਸ ਦੇ ਨਾਲ ਹੀ ਖੇਹ ਖਾਣੀ ਹੈ, ਖਾ ਪੀ ਵੇਲੇ ਸਿਰ ਲਿਆ ਕਰ।' ਤਾਏ ਨੇ ਕਹਿਣਾ, 'ਬੁਰਸ਼ ਕਰਨ ਨੂੰ ਕੀ ਐ, ਸ਼ੇਰਾਂ ਦੇ ਮੂੰਹ ਕਿਹਨੇ ਧੋਤੇ ਐ, ਚਾਹ ਚੱਕ ਕੇ ਲਿਆ, ਬੁਰਸ਼ ਨਹਾਉਣ ਵੇਲੇ ਕਰ ਲੂ।'

ਤਾਈ ਚਾਹ ਦਾ ਕੱਪ ਬੈੱਡ ਦੇ ਦਰਾਜ਼ 'ਤੇ ਰੱਖ ਜਾਂਦੀ ਪਰ ਤਾਇਆ ਮੋਬਾਈਲ ਵਿਚ ਖੁੱਭਿਆ ਚਾਹ ਵੱਲ ਧਿਆਨ ਨਾ ਦਿੰਦਾ। ਜੇ ਤਾਈ ਨੇ ਆ ਕੇ ਕਹਿਣਾ, 'ਡੱਫ ਲੈ ਚਾਹ, ਫੇਰ ਵੇਖ ਲਈ ਛੱਡ ਦੇ ਇਸ ਦਾ ਖਹਿੜਾ, ਸਾਰੀ ਦਿਹਾੜੀ ਪਈ ਹੈ।' ਤਾਂ ਤਾਏ ਨੇ ਕਹਿਣਾ, 'ਚਾਹ ਤੱਤੀ ਹੈ ਮੈਂ ਸੰਘ ਫੂਕਣਾ? ਘੁੱਟ ਭਰ ਕੇ ਵੇਖੀ ਹੈ, ਪੀ ਲੈਨਾਂ।'

ਤਾਈ ਨੇ ਫੇਰ ਪੰਦਰਾਂ ਵੀਹ ਮਿੰਟਾਂ ਬਾਅਦ ਕੱਪ ਚੁੱਕਣ ਆਉਣਾ ਤਾਂ ਤਾਏ ਨੇ ਘੁੱਟ ਭਰ ਕੇ ਕਹਿਣਾ, 'ਉਹ ਯਾਰ, ਚਾਹ ਤਾਂ ਠੰਢੀ ਹੋ ਗਈ, ਮਾੜੀ ਜਿਹੀ ਗਰਮ ਕਰ ਲਿਆ।' ਤਾਈ ਨੇ ਬੁੜ-ਬੁੜ ਕਰਦੀ ਨੇ ਫੇਰ ਚਾਹ ਗਰਮ ਕਰ ਕੇ ਲਿਆਉਣੀ। ਚਾਹ ਫੇਰ ਠੰਢੀ ਹੋ ਜਾਣੀ। ਤਾਏ ਨੇ ਤਾਈ ਤੋਂ ਡਰਦੇ ਨੇ ਮੋਟੀਆਂ-ਮੋਟੀਆਂ ਘੁੱਟਾਂ ਭਰ ਲੈਣੀਆਂ, ਜਦ ਤਾਇਆ ਦਰਾਜ਼ 'ਤੇ ਕੱਪ ਰੱਖਣ ਲੱਗਿਆ ਤਾਂ ਕੱਪ ਹੇਠਾਂ ਡਿੱਗ ਕੇ ਟੁੱਟ ਗਿਆ। ਤਾਏ ਦਾ ਧਿਆਨ ਤਾਂ ਮੋਬਾਈਲ 'ਚ ਸੀ। ਖੜਕਾ ਸੁਣ ਕੇ ਤਾਈ ਘੁਰਕੀ ਲੈ ਕੇ ਪਈ, 'ਤੋੜ ਤਾਂ !! ਕਰਤਾ ਸੈੱਟ ਖਰਾਬ ! ਇਸ ਬੰਦੇ ਨੇ ਪਤਾ ਨ੍ਹੀਂ ਕਿੰਨੇ ਕੱਪ ਤੋੜ ਤੇ, ਅੱਗ ਲੱਗ ਜਾਵੇ ਇਹਦੇ ਮੋਬਾਈਲ ਨੂੰ, ਮੈਂ ਇਕ ਦਿਨ ਭੰਨ ਦੇਣਾ ਅੱਕੀ ਹੋਈ ਨੇ। ਕਿੰਨੀ ਵਾਰੀ ਕਿਹਾ ਪਹਿਲਾਂ ਚਾਹ ਫੂਕ ਲਿਆ ਕਰ, ਰੱਬ ਦਿਆ ਬੰਦਿਆਂ, ਕਿਉਂ ਮੈਨੂੰ ਸਵੇਰੇ-ਸਵੇਰੇ ਤਪਾਉਣ ਲੱਗ ਜਾਨਾਂ।' ਟੁਕੜੇ ਚੁੱਕਦੀ ਤਾਈ ਕਿੰਨਾ ਕੁਝ ਬੋਲੀ ਗਈ ਪਰ ਤਾਇਆ ਢੀਠ ਜਿਹਾ ਹੋ ਕੇ ਮੋਬਾਈਲ ਵੇਖੀ ਜਾਂਦਾ।

ਜਦ ਤਾਈ ਦਾ ਬਾਪੂ ਰਿਸ਼ਤਾ ਕਰਨ, ਬਿਸ਼ਨ ਸਿਉਂ ਨੂੰ ਦੇਖਣ ਆਇਆ, ਹਾਂ ਕਰ ਕੇ ਰਿਸ਼ਤਾ ਪੱਕਾ ਕਰ ਗਿਆ। ਤਾਂ ਘਰ ਜਾ ਕੇ ਮੁੰਡੇ ਦੀਆਂ ਸਿਫ਼ਤਾਂ ਕਰਦਾ ਆਪਣੀ ਪਤਨੀ ਨੂੰ ਕਹਿਣ ਲੱਗਿਆ, 'ਚਿੰਤੀਏ ਮੁੰਡਾ ਬਹੁਤ ਸਾਊ ਹੈ, ਮੇਰੇ ਅੱਗੇ ਉਸ ਨੇ ਅੱਖ ਨਹੀਂ ਚੱਕੀ, ਨੀਵੀਂ ਪਾਈ ਬੈਠਾ ਰਿਹਾ। ਜੇ ਕੋਈ ਗੱਲ ਪੁੱਛਦਾ ਸੀ ਤਾਂ ਹੌਲੀ ਦੇ ਕੇ ਨੀਵੀਂ ਪਾਈ ਜਵਾਬ ਦਿੰਦਾ ਸੀ।' ਤਾਈ ਨੂੰ ਸਹੁਰੇ ਘਰ ਜਾ ਕੇ ਪਤਾ ਲੱਗਿਆ ਕਿ ਇਹ ਨੀਵੀਂ ਮੇਰੇ ਬਾਪੂ ਤੋਂ ਸ਼ਰਮਾਉਂਦਾ ਨਹੀਂ ਸੀ ਪਾਉਂਦਾ। ਨੀਵੀਂ ਪਾਉਣ ਦੀ ਆਦਤ ਤਾਂ ਇਹਨੂੰ ਮੋਬਾਈਲ ਦੇਖਣ ਕਰਕੇ ਪਈ ਹੋਈ ਸੀ।

ਤਾਇਆ ਜੇ ਕਿਤੇ ਰਿਸ਼ਤੇਦਾਰੀ ਵਿਚ ਜਾਂਦਾ, ਫੋਨ ਦੀ ਬੈਟਰੀ ਫੁੱਲ ਕਰ ਲੈ ਕੇ ਜਾਂਦਾ। ਬੱਸ ਵਿਚ ਬੈਠਦੇ ਸਾਰ ਕੱਢ ਲੈਂਦਾ। ਜੇ ਕੰਡਕਟਰ ਟਿਕਟ ਲਈ ਵਾਜਾਂ ਮਾਰਦਾ ਤਾਂ ਤਾਏ ਨੇ ਮੋਬਾਈਲ 'ਚ ਖੁੱਭੇ ਨੇ ਅਣਸੁਣਿਆ ਕਰ ਦੇਣਾ, ਫੇਰ ਕੰਡਕਟਰ ਨੇ ਕਹਿਣਾ, 'ਓਏ ਭਾਊ ਟਿਕਟ ਤਾਂ ਕਟਾ ਲੈ ਮੋਬਾਈਲ ਵੇਖੀ ਜਾਨਾਂ, ਜੇ ਚੈੱਕਰ ਚੜ੍ਹ ਗਿਆ ਹੋਰ ਨਾ ਕੋਈ ਪੰਗਾ ਖੜ੍ਹਾ ਕਰ ਦੇਈ।' ਤਾਏ ਨੇ ਤਾਂ ਟਿਕਟ ਕਟਾਉਣੀ। ਤਾਏ ਨੇ ਮੋਬਾਈਲ ਵੇਖਦੇ ਵੇਖਦੇ ਨੇ ਆਪਣਾ ਅੱਡਾ ਲੰਘਾ ਲਿਆ। ਬੱਸ ਕਿੰਨੇ ਹੀ ਕਿਲੋਮੀਟਰ ਅੱਗੇ ਲੰਘ ਆਈ। ਜਦ ਤਾਏ ਨੂੰ ਪਤਾ ਲੱਗਿਆ ਕਿ ਮੈਂ ਤਾਂ ਪਿੱਛੇ ਉਤਰਨਾ ਸੀ। ਘਬਰਾਇਆ ਹੋਇਆ ਕੰਡਕਟਰ ਨੂੰ ਕਹਿੰਦਾ, 'ਜੀ ਰੋਕਿਓ ਬੱਸ, ਮੈਂ ਤਾਂ ਪਿੱਛੇ ਉਤਰਨਾ ਸੀ।' ਕੰਡਕਟਰ ਗੁੱਸੇ ਹੁੰਦਾ ਬੋਲਦਾ, 'ਹੁਣ ਅਗਲੇ ਅੱਡੇ 'ਤੇ ਉੱਤਰੀ, ਮੈਂ ਅਵਾਜ਼ਾਂ ਮਾਰਦਾ ਰਿਹਾ, ਤੂੰ ਮੋਬਾਈਲ 'ਚ ਵੜਿਆ ਹੋਇਆ ਸੀ।'

ਰਿਸ਼ਤੇਦਾਰਾਂ ਦੇ ਘਰ ਜਾ ਕੇ ਤਾਇਆ ਦੁਆ ਸਲਾਮ ਕਰਕੇ ਮੋਬਾਈਲ ਕੱਢ ਲੈਂਦਾ, ਅਗਲਿਆਂ ਨੇ ਕਹਿਣਾ, 'ਬਿਸ਼ਨ ਸਿਉਂ ਭਾਈ ਚਾਹ ਪੀ ਲੈ ਮੱਖੀ ਨਾ ਡਿੱਗ ਪਵੇ, ਇਹ ਫੇਰ ਵੇਖ ਲਈ, ਸੁਣਾ ਕੋਈ ਗੱਲਬਾਤ ਘਰ ਦੀ, ਤੂੰ ਆਉਂਦੀ ਸਾਰ ਮੋਬਾਈਲ ਨੂੰ ਚਿੰਬੜ ਗਿਆ।' ਤਾਇਆ ਸਿੱਧਾ ਜਿਹਾ ਪੈ ਗਿਆ, ਉਹ ਚਾਹ ਦੀਆਂ ਘੁੱਟਾ ਭਰਦਾ ਮੋਬਾਈਲ ਵੇਖੀ ਜਾਵੇ। ਰੋਟੀ ਪਾਣੀ ਖਾ ਕੇ ਦੁਆ ਸਲਾਮ ਕਰਕੇ ਤੁਰ ਪਿਆ। ਰਿਸ਼ਤੇਦਾਰਾਂ ਨੇ ਕਹਿਣਾ, 'ਕੁੱਤਾ ਕਪਾਹ 'ਚੋਂ ਲੰਘ ਜੂ, ਕੀ ਰਜ਼ਾਈ ਭਰਾ ਲੂੰ' ਉਹ ਕੰਮ ਬਿਸ਼ਨ ਸਿਉਂ ਦਾ। ਜਿਹੋ ਜਿਹਾ ਆਇਆ ਜਾਂ ਨਾ ਆਇਆ ਇਕ ਬਰਾਬਰ ਹੈ। ਨਾਂ ਕੋਈ ਗੱਲਬਾਤ ਕੀਤੀ ਨਾਂ ਮੋਬਾਈਲ ਦਾ ਹੀ ਖਹਿੜਾ ਛੱਡਿਆ।



ਤਾਏ ਨੇ ਕਈ ਸਾਲ ਪ੍ਰਾਈਵੇਟ ਸਕੂਲ 'ਚ ਨੌਕਰੀ ਕੀਤੀ ਸੀ। ਤਾਇਆ ਜਮਾਤ ਨੂੰ ਪੜ੍ਹਾਉਂਦਿਆਂ ਮੋਬਾਈਲ ਵੇਖੀ ਜਾਂਦਾ ਸੀ। ਕੁੜੀਆਂ ਨੇ ਤਾਏ ਦੀ ਸ਼ਿਕਾਇਤ ਪ੍ਰਿੰਸੀਪਲ ਕੋਲ ਲਾ ਦਿੱਤੀ। ਰਿੰਸੀਪਲ ਆ ਕੇ ਤਾਏ ਨਾਲ ਲੜ ਪਿਆ। ਤਾਏ ਨੇ ਨੌਕਰੀ ਛੱਡ ਦਿੱਤੀ।

ਤਾਏ ਨੇ ਸ਼ਾਮ ਨੂੰ ਅਧੀਏ ਪਊਏ ਦਾ ਜੁਗਾੜ ਕਰਨ ਲਈ ਦਸਵੀਂ ਅਤੇ ਬਾਰ੍ਹਵੀਂ ਕਲਾਸ ਦੇ ਵਿਦਿਆਰਥੀਆਂ ਦੀਆਂ ਟਿਊਸ਼ਨਾਂ ਰੱਖ ਲਈਆਂ। ਵਿਦਿਆਰਥੀਆਂ ਨੂੰ ਅਲੱਗ-ਅਲੱਗ ਟਾਇਮ ਦੇ ਰੱਖਿਆ ਸੀ। ਤਾਇਆ ਟਿਊਸ਼ਨਾਂ ਤੇ ਆਏ ਬੱਚਿਆਂ ਨੂੰ ਕੰਮ ਦੱਸ ਕੇ ਆਪ ਮੋਬਾਈਲ ਦੇਖਣ ਲੱਗ ਜਾਂਦਾ, ਜੇ ਕੋਈ ਬੱਚਾ ਪੁੱਛਦਾ, ਜੀ ਆਹ ਸਮਝਾਇਓ ਤਾਂ ਅੱਗੋਂ ਤਾਇਆ ਕਹਿ ਦਿੰਦਾ, 'ਰੁਕ ਦੋ ਮਿੰਟ ਦੱਸਦਾ।' ਮੁੰਡੇ ਪਿੱਠ ਪਿੱਛੇ ਕਹਿੰਦੇ, 'ਯਾਰ ਤਾਇਆ ਮੋਬਾਈਲ ਲੈ ਕੇ ਬੈਠ ਜਾਂਦਾ, ਕੀ ਗੱਲ ਅਸੀਂ ਟਿਊਸ਼ਨ ਦੇ ਰੁਪਏ ਨਹੀਂ ਦਿੰਦੇ, ਪੜ੍ਹਾਉਣ ਨਾਲੋਂ ਮੋਬਾਈਲ ਨੂੰ ਜ਼ਿਆਦਾ ਸਮਾਂ ਦਿੰਦਾ।' ਕਈ ਬੱਚੇ ਤਾਂ ਤਾਏ ਦੀ ਇਹ ਆਦਤ ਦੇਖ ਕੇ ਟਿਊਸ਼ਨ ਹੀ ਛੱਡ ਗਏ।

ਐਤਵਾਰ ਦਾ ਦਿਨ ਸੀ। ਤਾਇਆ ਬੱਚਿਆਂ ਨੂੰ ਕੰਮ ਦੇ ਕੇ ਆਪ ਸਵੇਰ ਦੀ ਰੋਟੀ ਖਾ ਕੇ ਅਖ਼ਬਾਰ ਪੜ੍ਹਨ ਲੱਗਿਆ। ਪੜ੍ਹਦਾ-ਪੜ੍ਹਦਾ ਸੌਂ ਗਿਆ। ਇੰਨੇ ਨੂੰ ਇਕ ਹੱਟਾ ਕੱਟਾ ਸਾਧ ਗਜ਼ਾ ਕਰਦਾ ਤਾਈ ਦੇ ਦਰਾਂ ਤੇ ਆ ਕੇ ਗਜ਼ਾ ਪਾਉਣ ਲਈ ਕਿਹਾ। ਅੱਕੀ ਹੋਈ ਤਾਈ ਨੇ ਸਾਧ ਨੂੰ ਰਾਤ ਦੀਆਂ ਚਾਰ ਪੰਜ ਰੋਟੀਆਂ ਫੜਾਉਂਦੀ ਬੋਲੀ, 'ਬਾਬਾ ਆ ਮੋਬਾਈਲ ਲੈ ਜਾ ਮੇਰਾ ਆਦਮੀ ਇਹਦਾ ਖਹਿੜਾ ਨ੍ਹੀਂ ਛੱਡਦਾ, ਗੱਲ ਸੁਣ ਆਹ ਦੋ ਸੌ ਰੁਪਇਆ ਫੜ, ਹੁਣ ਤੂੰ ਪਿੰਡ ਵਿਚ ਕਿਸੇ ਤੋਂ ਖ਼ੈਰ ਨਾ ਮੰਗੀ, ਜਿੰਨੀ ਛੇਤੀ ਹੋਵੇ ਪਿੰਡ ਤੋਂ ਬਾਹਰ ਭੱਜ ਜਾਹ। ਹਾਂ ਜੇ ਮੋਬਾਈਲ ਆਇਆ ਤੂੰ ਇਹ ਕਹਿ ਕੇ ਫੋਨ ਕੱਟ ਦੀ ਕਿ ਤਾਇਆ ਸੁੱਤਾ ਪਿਆ। ਸਾਧ ਮੋਬਾਈਲ ਲੈ ਕੇ ਤਿੱਤਰ ਹੋਇਆ, ਤਾਈ ਨੂੰ ਅਸੀਸਾਂ ਦਿੰਦਾ ਗਿਆ। ਤਾਈ ਕਹਿੰਦੀ, 'ਨਾ ਰਿਹਾ ਬਾਂਸ ਨਾਂ ਵੱਜੂ ਬੰਸਰੀ।'

ਤਾਏ ਦੇ ਫੋਨ ਤੇ ਦੋ ਤਿੰਨ ਕਾਲਾਂ ਆਈਆਂ, ਸਾਧ ਤਾਈ ਵਾਲਾ ਫਾਰਮੂਲਾ ਵਰਤਦਿਆ ਕਹਿ ਦਿੰਦਾ ਕਿ ਤਾਇਆ ਸੁੱਤਾ ਪਿਆ, ਤੇ ਫੋਨ ਕੱਟ ਦਿੰਦਾ। ਜਦ ਤਾਏ ਦੀ ਅੱਖ ਖੁੱਲ੍ਹੀ ਤਾਂ ਮੋਬਾਈਲ ਦੇਖਣ ਲੱਗਿਆ, ਮੋਬਾਈਲ ਨਾ ਦੇਖ ਕੇ ਤਾਇਆ ਭੂਮੱਤਰ ਗਿਆ, 'ਕਿੱਥੇ ਗਿਆ ਮੈਂ ਤਾਂ ਇੱਥੇ ਹੀ ਰੱਖਿਆ ਸੀ।' ਤਾਈ ਨੂੰ ਹਾਕ ਮਾਰ ਕੇ ਪੁੱਛਿਆ, 'ਮੇਰਾ ਮੋਬਾਈਲ ਕੌਣ ਲੈ ਗਿਆ, ਅੰਦਰ ਤਾ ਨ੍ਹੀਂ ਰੱਖਤਾ।' ਅੱਗੋਂ ਤਾਈ ਕਹਿੰਦੀ, 'ਮੈਨੂੰ ਨ੍ਹੀਂ ਪਤਾ, ਤੇਰੇ ਮੋਬਾਈਲ ਦਾ ਤੈਨੂੰ ਹੀ ਪਤਾ ਹੋਊ, ਕਿੱਥੇ ਰੱਖਿਆ ਐ?'

'ਹੱਦ ਹੋਗੀ, ਮੈਂ ਇੱਥੇ ਹੀ ਰੱਖਿਆ ਸੀ, ਉੱਡ ਕੇ ਚੱਲਿਆ ਗਿਆ ਕਿਤੇ।' ਤਾਈ ਕਹਿੰਦੀ, 'ਕਿਤੇ ਟਿਊਸ਼ਨ ਪੜ੍ਹਨ ਵਾਲੇ ਬੱਚੇ ਤਾਂ ਨ੍ਹੀਂ ਲੈ ਗਏ।' ਤਾਇਆ ਕਾਹਲੀ-ਕਾਹਲੀ ਇਕ ਦੋ ਘਰਾਂ 'ਚ ਪੁੱਛਣ ਗਿਆ। ਅੱਗੋਂ ਅਗਲੇ ਚਾਰ ਪੈਰ ਚੁੱਕ ਕੇ ਪੈ ਗਏ, 'ਅਸੀਂ ਤਾਂ ਤੇਰੇ ਕੋਲ ਬੱਚੇ ਪੜ੍ਹਨ ਲਾਏ ਸੀ ਕਿ ਚੰਗੇ ਨੰਬਰ ਲੈ ਕੇ ਪਾਸ ਹੋ ਜਾਣਗੇ। ਤੂੰ ਸਾਡੇ ਬੱਚਿਆਂ 'ਤੇ ਚੋਰੀ ਕਰਨ ਦਾ ਇਲਜ਼ਾਮ ਲਾ ਰਿਹਾ। ਅਸੀਂ ਬੱਚੇ ਹੀ ਹਟਾ ਲਵਾਂਗੇ। ਤਾਈ ਤਾਏ ਨੂੰ ਦੇਖ ਕੇ ਅੰਦਰੋਂ ਅੰਦਰ ਕਪਾਹ ਵਾਂਗੂ ਖਿੜੀ ਜਾਵੇ, ਹੁਣ ਪਤਾ ਲੱਗੂ ਇਹਨੂੰ ਮੈਨੂੰ ਟਿੱਚ ਸਮਝਦਾ ਸੀ। ਫੇਰ ਨਾਟਕ ਕਰਦੀ ਕਹਿੰਦੀ ਕਿਤੇ ਜੀਤੋ ਤਾਂ ਨਹੀਂ ਲੈ ਗਈ, ਗੋਹਾ ਕੂੜਾ ਕਰਨ ਆਈ। ਮੈਂ ਤਾਂ ਅੰਦਰ ਸੀ, ਤਾਇਆ ਝੱਟ ਦਰਵਾਜ਼ਾ ਖੋਲ੍ਹ ਕੇ ਜੀਤੋ ਦੇ ਘਰ ਨੂੰ ਭੱਜ ਲਿਆ, ਤਾਈ ਮਗਰੋਂ ਹੱਥ 'ਤੇ ਹੱਥ ਮਾਰ ਕੇ ਹੱਸੀ ਜਾਵੇ। ਐਨਾ ਤਾਂ ਮੇਰੇ ਪੇਕੇ ਗਈ 'ਤੇ ਨ੍ਹੀਂ ਭੱਜਿਆ ਆਉਂਦਾ ਮੇਰੇ ਪਿੱਛੇ, ਜਿੰਨਾ ਮੋਬਾਈਲ ਪਿੱਛੇ ਭੱਜਿਆ ਫਿਰਦਾ।

ਜਦ ਤਾਇਆ ਜੀਤੇ ਦੇ ਘਰ ਜਾ ਕੇ ਹੌਲੀ ਦੇ ਕੇ ਦਰਵਾਜ਼ਾ ਖੋਲ੍ਹ ਕੇ ਅੰਦਰ ਗਿਆ ਤਾਂ ਜੀਤੋ ਕਹਿੰਦੀ, 'ਤਾਇਆ, ਗੋਹਾ ਕੂੜਾ ਤਾਂ ਮੈਂ ਕਦੋਂ ਦੀ ਕਰ ਆਈ ਆਂ, ਤੂੰ ਸੁੱਤਾ ਪਿਆ ਸੀ।' ਤਾਇਆ ਕਹਿੰਦਾ ਉਹ ਤਾਂ ਭਾਈ ਠੀਕ ਹੈ, ਮੇਰਾ ਮੋਬਾਈਲ ਨ੍ਹੀਂ ਮਿਲ ਰਿਹਾ, ਮੈਂ ਕਿਹਾ ਮੈਂ ਜੀਤੋ ਨੂੰ ਪੁੱਛ ਆਵਾਂ। ਅੱਗੋਂ ਉਹ ਚਾਰੇ ਪੈਰ ਚੱਕ ਕੇ ਪੈ ਗਈ, 'ਤਾਇਆ ਬੇਸ਼ੱਕ ਮੈਂ ਲੋਕਾਂ ਦੇ ਘਰਾਂ ਦਾ ਗੋਹ ਕੂੜਾ ਕਰ ਕੇ ਬੱਚੇ ਪਾਲਦੀ ਹਾਂ ਪਰ ਮੈਂ ਚੋਰੀ ਨ੍ਹੀਂ ਕਰਦੀ, ਮੈਂ ਤਾਂ ਤੁਹਾਡਾ ਗੋਹਾ ਕੂੜਾ ਚੁੱਕਣਾ ਬੰਦ ਕਰ ਦੇਣਾ ਕੱਲ੍ਹ ਨੂੰ ਕੋਈ ਹੋਰ ਚੀਜ਼ ਮੇਰੇ ਸਿਰ ਲਾਵੇਂਗਾ।' ਕੌਣ ਲੈ ਗਿਆ ਮੋਬਾਈਲ? ਤਾਏ ਦਾ ਦਿਲ ਹਾਮਕਾਮ ਹੋਣ ਲੱਗਾ। ਜਦ ਤਾਇਆ ਘਰ ਆਇਆ, ਤਾਈ ਤੋਂ ਤਾਏ ਦੀ ਹਾਲਤ ਦੇਖੀ ਨਾ ਗਈ, 'ਵੇਖ ਕਿਵੇਂ ਬਿੱਲੀ ਦੇ ਬਲੂੰਗੜੇ ਵਰਗਾ ਭੋਰਾ ਕੁ ਮੂੰਹ ਕੀਤਾ। ਹੱਸਦੀ ਹੋਈ ਕਹਿੰਦੀ ਹੁਣ ਤਾਂ ਟਿੱਕ ਕੇ ਬੈਠੇਂਗਾ।' ਤਾਏ ਦਾ ਦਿਲ ਨਾ ਖੜ੍ਹਿਆ। ਤਾਇਆ ਸਾਈਕਲ ਚੁੱਕ ਕੇ ਨਹਿਰ ਦੇ ਪੁਲ ਦੇ ਠੇਕੇ ਤੋਂ ਅਧੀਆ ਲੈਣ ਚਲਾ ਗਿਆ।

ਜਦ ਤਾਏ ਨੇ ਠੇਕੇ 'ਤੇ ਜਾ ਕੇ ਸਾਇਕਲ ਸਟੈਂਡ 'ਤੇ ਲਾਇਆ, ਇਕ ਸਾਧ ਅਧੀਆਂ ਖੋਲ੍ਹੀ ਬੈਠਾ, ਤਾਈ ਦੀਆਂ ਮਿੱਸੀਆਂ ਰੋਟੀਆਂ 'ਤੇ ਰੱਖੇ ਅਚਾਰ ਨਾਲ ਪੈੱਗ ਲਾਈ ਜਾਵੇ। ਇੰਨੇ ਨੂੰ ਤਾਏ ਦਾ ਮੋਬਾਇਲ ਵੱਜਿਆ, ਮੂੰਹ ਵਿਚ ਬੁਰਕੀ ਪਾਈ ਸਾਧ ਨੇ ਅਚਨਚੇਤ ਹੀ ਕਹਿ ਦਿੱਤਾ, 'ਤਾਇਆ ਸੁੱਤਾ ਪਿਆ ਬਾਅਦ ਵਿਚ ਗੱਲ ਕਰਵਾਉਨਾ।' ਤਾਏ ਨੂੰ ਸ਼ੱਕ ਪੈ ਗਿਆ, ਤਾਇਆ ਕਹਿੰਦਾ, 'ਬਾਬਾ ਜੀ ਆਹ ਮਾੜਾ ਜਿਹਾ ਫੋਨ ਦਿਖਾਈ।' ਸਾਧ ਡਰ ਗਿਆ। ਰੋਟੀ ਹਲਕ ਵਿਚ ਫਸ ਗਈ ਅਜੇ ਆਪਣੇ ਚੋਲੇ ਦੀ ਜੇਬ ਵਿਚ ਪਾਉਣ ਹੀ ਲੱਗਾ ਸੀ, ਤਾਏ ਨੇ ਝੱਪਟ ਮਾਰ ਕੇ ਫੋਨ ਖੋਹ ਲਿਆ, ਤੇਰੀ ਉਏ ਪੂਪਨੇ ਸਾਧ ਦੀ ਦਿਆ ਤੇਰੀ ਭੈਣ ਦੀ..., ਸਾਧ ਨੇ ਕਿਹਾ, 'ਤੇਰੀ ਘਰਵਾਲੀ ਨੇ ਹੀ ਦਿੱਤਾ ਸੀ, ਮੈਂ ਚੋਰੀ ਨਹੀਂ ਕੀਤਾ।'

ਸਾਧ ਰੋਟੀਆਂ ਅਤੇ ਅਧੀਆਂ ਛੱਡ ਕੇ ਭੱਜ ਗਿਆ। ਡਰਦਾ ਜੁੱਤੀ ਵੀ ਨਾ ਪਾ ਸਕਿਆ। ਤਾਏ ਨੇ ਸਾਧ ਦਾ ਅਧੀਆ ਚੁੱਕਿਆ ਤੇ ਘਰ ਆ ਗਿਆ। ਤਾਈ ਕਹਿੰਦੀ, 'ਹੁਣ ਕਿੱਥੇ ਗਿਆ ਸੀ?' ਤਾਇਆ ਕਹਿੰਦਾ, 'ਮੋਬਾਇਲ ਲੈ ਕੇ ਆਇਆ', ਹੱਕੀ ਬੱਕੀ ਤਾਈ ਕਹਿੰਦੀ, 'ਤੂੰ ਤਾਂ ਠੇਕੇ 'ਤੇ ਗਿਆ ਸੀ।' ਤਾਏ ਨੇ ਸਾਈਕਲ ਖੜ੍ਹਾ ਕੇ ਤਾਈ ਨੂੰ ਕਿਹਾ, 'ਮੈਨੂੰ ਪਾਣੀ ਦੀ ਗੜਵੀ ਫੜਾ ਦੇ ਨਾਲੇ ਕੌਲੀ ਵਿਚ ਥੋੜ੍ਹਾ ਜਿਹਾ ਅੰਬ ਦਾ ਅਚਾਰ ਲਿਆਈਂ।' ਤਾਏ ਨੇ ਪਹਿਲਾ ਮੋਟਾ ਜਿਹਾ ਪੈੱਗ ਲਾਇਆ, ਤਾਈ ਕਹਿੰਦੀ, 'ਮੋਬਾਈਲ ਕਿੱਥੋਂ ਮਿਲਿਆ?' ਤਾਇਆ ਕਹਿੰਦਾ, 'ਜਿਹੜੇ ਸਾਧ ਨੂੰ ਤੂੰ ਦਿੱਤਾ ਸੀ, ਆਹ ਅਧੀਆ ਵੀ ਉਹਦਾ ਹੀ ਹੈ, ਸਾਲਾ ਛੱਡ ਕੇ ਭੱਜ ਗਿਆ।' ਤਾਈ ਕਹਿੰਦੀ, 'ਉਹਦਾ ਨ੍ਹੀਂ ਇਹ ਤਾਂ ਮੈਂ ਉਹਨੂੰ ਦੋ ਸੌ ਰੁਪਈਆ ਦਿੱਤਾ ਸੀ ਕਿ ਪਿੰਡ ਵਿੱਚੋਂ ਭੱਜ ਜਾ।' ਤਾਏ ਦਾ ਪਹਿਲਾ ਪੈੱਗ ਲਾਇਆ ਉਵੇਂ ਗਿਆ। ਤਾਇਆ ਬੇਵਸ ਹੋਇਆ ਕਹਿੰਦਾ, 'ਆਹ ਫੜ ਮੋਬਾਇਲ ਨਸੀਬ ਕੁਰੇ, ਅੱਗੇ ਤੋਂ ਮੈਨੂੰ ਵੇਖਣ ਲਈ ਨਹੀਂ ਦੇਣਾਂ ਤਾਂ ਨਾ ਦੇਈ। ਅੱਜ ਤੋਂ ਕਿਸੇ ਨੂੰ ਮੋਬਾਈਲ ਤੇ ਰੁਪਏ ਨਾ ਦੇਈ, ਰੱਬ ਦਾ ਵਾਸਤਾ। ਮੋਬਾਇਲ ਤੋਂ ਤੌਬਾ ਮੇਰੇ ਪਿਉ ਦੀ ਤੌਬਾ ਤੂੰ ਤਾਂ ਮੋਬਾਈਲ ਦੇ ਨਾਲ ਸਾਧ ਨੂੰ ਰੁਪਏ ਵੀ ਦੇਣ ਲੱਗ ਗਈ।'

ਤਾਈ ਮੋਬਾਈਲ ਫੜਦੀ ਹੱਸਦੀ ਹੋਈ ਮੂੰਹ ਵਿਚ ਕਹਿੰਦੀ, 'ਉਂਝ ਤਾਂ ਨਸੀਬ ਕੁਰੇ ਤੇਰੀ ਸਕੀਮ ਰਾਸ ਆ ਗਈ, ਬਿਸ਼ਨ ਸਿਉਂ ਨੂੰ ਤੀਵੀਆਂ ਵਾਲੇ ਚਾਰ ਸੌ ਚਾਰ ਚਰਿੱਤਰ 'ਚੋਂ ਅਜੇ ਤਾਂ ਇੱਕੋ ਵਿਖਾਇਆ। ਬੜੀ ਛੇਤੀ ਹੱਥ ਖੜ੍ਹੇ ਕਰ ਗਿਆ ਤੇਰੇ ਮੂਹਰੇ।'

**ਨੇਤਰ ਸਿੰਘ ਮੁੱਤੋਂ**


**SA**
**MEDIA GROUP**

**ਪੰਜਾਬੀ ਜਰਨਲ**
DELTA OFFICE:
#3 7953 120 St. Delta
BC., V4C 6P6
Ph : **604-312-5678**
EMAIL:
punjabijournal@gmail.com
connect@asianjournal.ca



The publisher does not guarantee the insertion of any particular advertisement on a specified date, or at all. Further, the publisher does not accept liability for printing and beyond the amount for the space actually occupied by that portion of the advertisement in which error occurs. The publisher reserves the right to cancel any contact at any time.

**ਪੰਜਾਬੀ ਜਰਨਲ ਵਿਚ ਛਪੇ ਮੈਟਰ ਨਾਲ ਇਸ ਅਦਾਰੇ ਦਾ ਸਹਿਮਤ ਹੋਣਾ ਜਰੂਰੀ ਨਹੀ ਹੈ।**



RETURN UNDELIVERABLE TO
CIRCULATION WING
SA MEDIA GROUP
14308 62nd Ave.,
Surrey BC, V3S 0K5
PUBLICATION MAIL
Contract/Agreement
# is 41798524

1520799 BC Ltd
SA Media Group
(Punjabi Journal)
is not responsible or legally liable for any matter or typing mistake.

**Managing Director**
**SAHEBJIT SINGH RANDHAWA**

**For Advertising**
**Call 604-312-5678**

**Graphic Designer**
**Ashu Kashyap**

# ਪੰਜਾਬੀਆਂ ਦਾ ਪਰਵਾਸ ਕਿਹੜੇ ਰਾਹ ਪਿਆ?

ਆਮ ਬੋਲਚਾਲ ਦੀ ਭਾਸ਼ਾ ਵਿਚ ਜੇ 'ਪਰਵਾਸ' ਸ਼ਬਦ ਦੇ ਅਰਥ ਸਮਝੇ ਜਾਣ ਤਾਂ ਉਹ ਹਨ 'ਪਰਾਈ ਥਾਂ 'ਤੇ ਜਾ ਕੇ ਵਾਸ ਕਰਨਾ' ਭਾਵ ਉਹ ਥਾਂ ਜੋ ਸਾਡੇ ਜਨਮ, ਭਾਸ਼ਾ ਜਾਂ ਸੱਭਿਆਚਾਰ ਦੇ ਪੱਖ ਤੋਂ 'ਆਪਣੀ' ਨਹੀਂ ਹੈ। ਸੋ ਜਦੋਂ ਅਸੀਂ ਆਪਣੇ ਖਿੱਤੇ, ਆਪਣੀ ਬੋਲੀ ਤੇ ਆਪਣੇ ਲੋਕਾਂ ਨੂੰ ਛੱਡ ਕੇ ਪਰਾਏ ਖਿੱਤੇ, ਪਰਾਈ ਬੋਲੀ ਤੇ ਪਰਾਏ ਲੋਕਾਂ 'ਚ ਜਾ ਕੇ ਵੱਸਦੇ ਹਾਂ ਤਾਂ ਉਸ ਨੂੰ 'ਪਰਵਾਸ' ਕਿਹਾ ਜਾਂਦਾ ਹੈ। ਫਿਰ ਚਾਹੇ ਉਹ ਪਰਵਾਸ ਭਾਰਤੀਆਂ ਵੱਲੋਂ ਆਪਣਾ ਮੁਲਕ ਛੱਡ ਕੇ ਵਿਦੇਸ਼ਾਂ ਵੱਲ ਨੂੰ ਜਾਣ ਦੇ ਰੁਝਾਨ ਨਾਲ ਸਬੰਧ ਰੱਖਦਾ ਹੋਵੇ ਜਾਂ ਫਿਰ ਭਾਰਤ ਦੇ ਦੂਜੇ ਸੂਬਿਆਂ ਦੇ ਵਸਨੀਕਾਂ ਦੇ ਪੰਜਾਬ ਅੰਦਰ ਆ ਕੇ ਵਸ ਜਾਣ ਜਾਂ ਕੰਮ ਕਰਨ ਨਾਲ ਸਬੰਧਿਤ ਹੋਵੇ।



**ਸੌਖਾ ਨਹੀਂ ਪਰਵਾਸ:**

ਦਰਅਸਲ ਪਰਵਾਸ ਕਦੇ ਵੀ ਕਿਸੇ ਲਈ ਬਹੁਤ ਸੁਖਾਵਾਂ ਨਹੀਂ ਹੁੰਦਾ। ਦੇਸ਼ ਛੱਡ ਕੇ ਪਰਵਾਸੀ ਹੋਣ ਵਾਲੇ ਬੱਚੇ, ਨੌਜਵਾਨ ਤੇ ਬਜ਼ੁਰਗ ਸਾਰੀ ਉਮਰ ਆਪਣੇ ਪਿੱਛੇ ਰਹਿ ਗਏ ਪਿੰਡ, ਸ਼ਹਿਰ ਜਾਂ ਪਰਿਵਾਰਕ ਮੈਂਬਰਾਂ ਨੂੰ ਯਾਦ ਕਰਦੇ ਰਹਿੰਦੇ ਹਨ ਤੇ ਇਧਰ ਉਨ੍ਹਾਂ ਦੇ ਪਿੱਛੇ ਰਹਿ ਗਏ ਪਰਿਵਾਰਕ ਮੈਂਬਰ ਉਨ੍ਹਾਂ ਪਰਵਾਸੀਆਂ ਦੀ ਗਲਵੱਕੜੀ ਦਾ ਨਿੱਘ ਮਾਣਨ ਲਈ ਸਦਾ ਹੀ ਉਤਾਵਲੇ ਰਹਿੰਦੇ ਹਨ। ਆਧੁਨਿਕ ਤਕਨਾਲੋਜੀ ਦੀ ਮਦਦ ਨਾਲ ਅੱਜ ਬੇਸ਼ੱਕ ਵਿਦੇਸ਼ 'ਚ ਬੈਠੇ ਸਾਡੇ ਆਪਣਿਆਂ ਨਾਲ ਸਾਡਾ ਗੱਲ ਕਰਨਾ ਜਾਂ ਉਨ੍ਹਾਂ ਨੂੰ ਵੀਡੀਓ ਕਾਲ ਰਾਹੀਂ ਵੇਖਣਾ ਬੇਸ਼ੱਕ ਸੁਖਾਲਾ ਹੋ ਗਿਆ ਹੋਵੇ ਪਰ ਕੌੜਾ ਸੱਚ ਇਹੋ ਹੈ ਕਿ ਜਨਮ ਦਿਨ 'ਤੇ ਆਪਣੇ ਬਾਪ ਹੱਥੋਂ ਕੇਕ ਦਾ ਇਕ ਟੁਕੜਾ ਮੂੰਹ 'ਚ ਪਾਉਣ ਦੀ ਖ਼ਾਹਿਸ਼ ਜਾਂ ਵਿਦੇਸ਼ ਵਿਚ ਕੋਈ ਦੁੱਖ ਜਾਂ ਪ੍ਰੇਸ਼ਾਨੀ ਆਉਣ 'ਤੇ ਭਾਰਤ ਵਿਚ ਬੈਠੀ ਆਪਣੀ ਮਾਂ ਦੇ ਮੋਢੇ ਨਾਲ ਲੱਗ ਕੇ ਹੰਝੂ ਸੁੱਟਣ 'ਤੇ ਹਾਸਿਲ ਹੋਣ ਵਾਲੀ ਤਸੱਲੀ ਆਧੁਨਿਕ ਤਕਨੀਕ ਰਾਹੀਂ ਨਾ ਤਾਂ ਕਦੇ ਪ੍ਰਾਪਤ ਹੋ ਸਕੀ ਹੈ ਤੇ ਨਾ ਹੀ ਕਦੇ ਹੋ ਸਕੇਗੀ।

**ਪੰਛੀਆਂ ਪਰਵਾਸ:**

ਸਾਹਿਤ ਤੇ ਸੱਭਿਆਚਾਰ 'ਚ ਵੀ ਪਰਵਾਸ ਨੂੰ ਕੋਈ ਬਹੁਤਾ ਵਡਿਆਇਆ ਨਹੀਂ ਗਿਆ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਗ 1380 'ਤੇ ਦਰਜ ਬਾਬਾ ਫ਼ਰੀਦ ਜੀ ਦਾ ਸਲੋਕ ਹੈ :

**ਫ਼ਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥**
**ਜੇ ਤੂ ਏਵੈ ਰਖਸੀ ਜੀਉ ਸਰੀਰਹੁ ਲੇਹਿ॥**

ਇਸ ਸਲੋਕ ਵਿਚ ਬਾਬਾ ਫ਼ਰੀਦ ਜੀ ਪਰਮਾਤਮਾ ਦੇ ਚਰਨਾਂ 'ਚ ਅਰਜ਼ੋਈ ਕਰਦਿਆਂ ਆਖਿਆ ਕਿ ਪਰਮਾਤਮਾ ਉਨ੍ਹਾਂ ਦੇ ਜੀਵਨ ਵਿਚ ਆਪਣਾ ਦਰ ਛੱਡ ਕੇ 'ਪਰਾਏ' ਦਰ 'ਤੇ ਬੈਠਣ ਦੀ ਨੌਬਤ ਕਦੇ ਵੀ ਨਾ ਲਿਆਵੇ ਤੇ ਜੇ ਪਰਮਾਤਮਾ ਨੇ ਅਜਿਹਾ ਕਰਨਾ ਹੀ ਹੈ ਤਾਂ ਉਨ੍ਹਾਂ ਨੂੰ ਪਰਾਏ ਦਰ 'ਤੇ ਬਿਠਾਉਣ ਨਾਲੋਂ ਤਾਂ ਚੰਗਾ ਹੈ ਕਿ ਪਰਮਾਤਮਾ ਉਨ੍ਹਾਂ ਦੇ ਪ੍ਰਾਣ ਹੀ ਲੈ ਲਵੇ। ਇਥੋਂ ਤੱਕ ਕਿ ਕੁਦਰਤ ਵੱਲੋਂ ਕੁਝ ਕਾਰਨਾਂ ਕਰਕੇ ਕਈ ਪੰਛੀਆਂ ਨੂੰ ਵੀ ਕੁਝ ਮਹੀਨਿਆਂ ਵਿਚ ਹਜ਼ਾਰਾਂ ਮੀਲ ਦੂਰ ਉਡਾਰੀ ਮਾਰ ਕੇ ਪਰਵਾਸ ਹੰਢਾਉਣਾ ਪੈਂਦਾ ਹੈ ਪਰ ਅਖ਼ੀਰ ਉਹ ਆਪਣੇ ਅਸਲ ਦੇਸ਼ ਤੇ ਅਸਲ ਘਰ ਵੱਲ ਨੂੰ ਮੁੜ ਜਾਂਦੇ ਹਨ।

**ਪਰਾਏ ਮੁਲਕ 'ਚ ਜਾਣ ਦਾ ਰੁਝਾਨ ਪੁਰਾਣਾ:**

ਭਾਰਤੀਆਂ ਵੱਲੋਂ ਤੇ ਖ਼ਾਸ ਕਰਕੇ ਪੰਜਾਬੀਆਂ ਵੱਲੋਂ ਆਪਣਾ ਦੇਸ਼ ਛੱਡ ਕੇ ਪਰਾਏ ਮੁਲਕਾਂ 'ਚ ਜਾਣ ਦਾ ਰੁਝਾਨ ਕੋਈ ਨਵਾਂ ਨਹੀਂ ਹੈ। ਪਹਿਲੀ ਹੀ ਸਦੀ 'ਚ ਉੱਤਰ ਭਾਰਤ ਦੇ ਅਜੋਕੇ ਹਰਿਆਣਾ ਅਤੇ ਰਾਜਸਥਾਨ ਆਦਿ ਸੂਬਿਆਂ ਤੋਂ ਲੋਕਾਂ ਦੇ ਵੱਡੇ ਇਕੱਠ ਯੂਰਪ ਵੱਲ ਨੂੰ ਪਰਵਾਸ ਕਰ ਗਏ ਸਨ ਤੇ ਅਜੋਕੇ ਰੋਮਾਨੀ ਲੋਕਾਂ ਦੇ ਪੂਰਵਜ਼ ਹੋ ਨਿੱਬੜੇ ਸਨ। ਇਸੇ ਹੀ ਪਹਿਲੀ ਸਦੀ ਦੇ ਆਸ-ਪਾਸ ਬ੍ਰਾਹਮਣ ਸਮਾਜ ਦੇ ਕੁਝ ਲੋਕ ਦੱਖਣ-ਪੂਰਬੀ ਏਸ਼ੀਆ ਵੱਲ ਨੂੰ ਪਰਵਾਸ ਕਰ ਗਏ ਸਨ ਤੇ ਉਨ੍ਹਾਂ ਨੇ ਮਲੇਸ਼ੀਆ, ਕੰਬੋਡੀਆ ਤੇ ਇੰਡੋਨੇਸ਼ੀਆ ਜਿਹੇ ਮੁਲਕਾਂ ਦੇ ਸੱਭਿਆਚਾਰ ਨੂੰ ਪ੍ਰਭਾਵਿਤ ਕਰਦਿਆਂ ਉਸ ਸੱਭਿਆਚਾਰ ਨੂੰ 'ਭਾਰਤੀ ਰੰਗ' ਚੜ੍ਹਾ ਦਿੱਤਾ ਸੀ।

**ਸੂਬੇ ਦੇ ਵਿਕਾਸ 'ਚ ਵੱਡਾ ਯੋਗਦਾਨ:**

ਇਹ ਗੱਲ ਸੌਲ੍ਹਾ ਆਨੇ ਸੱਚ ਹੈ ਕਿ ਪਹਿਲੇ ਸਮਿਆਂ ਵਿਚ ਪਰਵਾਸ ਹੰਢਾਉਣ ਵਾਲੇ ਵਧੇਰੇ ਭਾਰਤੀਆਂ ਦਾ ਮੁੱਖ ਮੰਤਵ ਆਰਥਿਕਤਾ ਸੀ, ਜਦੋਂਕਿ ਉਨ੍ਹਾਂ ਵੇਲਿਆਂ ਵਿਚ ਬਹੁਤ ਸਾਰੇ ਭਾਰਤੀ ਮੂਲ ਦੇ ਵਿਅਕਤੀ ਉਚੇਰੀ ਪੜ੍ਹਾਈ ਲਈ ਵੀ ਵਿਦੇਸ਼ ਗਏ ਸਨ। ਸਾਡੇ ਕਈ ਦੇਸ਼ ਭਗਤ, ਵਿਗਿਆਨੀ, ਡਾਕਟਰ, ਇੰਜੀਨੀਅਰ, ਕਾਨੂੰਨਦਾਨ ਤੇ ਸੁਤੰਤਰਤਾ ਸੰਗ੍ਰਾਮੀ ਵੱਖ-ਵੱਖ ਸਮਿਆਂ ਦੌਰਾਨ ਵਿਦੇਸ਼ਾਂ ਵਿਚ ਗਏ ਸਨ ਪਰ ਉਨ੍ਹਾਂ ਵਿੱਚੋਂ ਬਹੁਤੇ ਵਾਪਸ ਆ ਗਏ ਸਨ ਤੇ ਆਪਣੇ ਮੁਲਕ ਤੇ ਆਪਣੇ ਲੋਕਾਂ ਦਰਮਿਆਨ ਹੀ ਸਰਗਰਮ ਰਹੇ ਸਨ। ਆਪਣੀ ਆਰਥਿਕ ਸਥਿਤੀ ਸੁਧਾਰਨ ਲਈ ਪਰਵਾਸ ਹੰਢਾਉਣ ਵਾਲੇ ਪਹਿਲੇ ਸਮਿਆਂ ਦੇ ਭਾਰਤੀਆਂ ਅਤੇ ਵਿਸ਼ੇਸ਼ ਕਰਕੇ ਪੰਜਾਬੀਆਂ ਨੇ ਵਿਦੇਸ਼ਾਂ ਵਿਚ ਜਾ ਕੇ ਹੱਡ-ਭੰਨਵੀਂ ਮਿਹਨਤ ਕੀਤੀ ਸੀ ਤੇ ਉਥੋਂ ਡਾਲਰ, ਪੌਂਡ ਤੇ ਦਿਨਾਰ ਜਾਂ ਦਰਾਮ ਕਮਾ ਕੇ ਪਿੱਛੇ ਭਾਰਤ ਅੰਦਰ ਰਹਿੰਦੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਭੇਜੇ ਸਨ, ਜਿਸ ਕਰਕੇ ਉਸ ਪੈਸੇ ਨੇ ਇਥੇ ਉਨ੍ਹਾਂ ਦੀ ਮਾਤਭੂਮੀ ਦੇ ਵਿਕਾਸ 'ਚ ਯੋਗਦਾਨ ਪਾਇਆ ਸੀ।

ਪੰਜਾਬ 'ਚੋਂ ਪਰਵਾਸ ਕਰਨ ਵਾਲੇ ਜ਼ਿਆਦਾਤਰ ਪੰਜਾਬੀਆਂ ਨੇ ਜੋ ਪੈਸਾ ਕਮਾ ਕੇ ਪਿੱਛੇ ਭੇਜਿਆ ਸੀ, ਉਸ ਨਾਲ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੇ ਹੋਰ ਜ਼ਮੀਨਾਂ ਖ਼ਰੀਦੀਆਂ, ਖੇਤੀ ਦੇ ਆਧੁਨਿਕ ਸੰਦ ਖ਼ਰੀਦੇ, ਇੱਥੇ ਸਨਅਤਾਂ ਲਗਾਈਆਂ, ਕੋਈ ਵਪਾਰ-ਕਾਰੋਬਾਰ ਸ਼ੁਰੂ ਕੀਤਾ ਅਤੇ ਆਪਣੇ ਪਿੰਡ ਦੇ ਸਕੂਲ, ਹਸਪਤਾਲ ਜਾਂ ਧਾਰਮਿਕ ਅਸਥਾਨਾਂ ਦੀ ਦਸ਼ਾ ਸੁਧਾਰੀ ਸੀ। ਇਸ ਤਰ੍ਹਾਂ ਪਰਵਾਸੀ ਭਾਰਤੀਆਂ ਜਾਂ ਪੰਜਾਬੀਆਂ ਵੱਲੋਂ ਭੇਜੇ ਪੈਸੇ ਨੇ ਇਸ ਸੂਬੇ ਦੇ ਵਿਕਾਸ ਵਿਚ ਵੱਡਾ ਯੋਗਦਾਨ ਪਾਇਆ ਸੀ। ਵਿਦੇਸ਼ਾਂ ਤੋਂ ਤਾਲੀਮ ਤੇ ਤਜਰਬਾ ਹਾਸਿਲ ਕਰ ਕੇ ਮੁਲਕ ਪਰਤੇ ਭਾਰਤੀਆਂ ਤੇ ਪੰਜਾਬੀਆਂ ਨੇ ਆਪਣੇ ਸਬੰਧਿਤ ਖਿੱਤਿਆਂ ਤੇ ਕਾਰਜ ਖੇਤਰਾਂ ਦੀ ਨੁਹਾਰ ਬਦਲੀ ਸੀ।

**ਵਰਤਮਾਨ ਰੂਪ:**

ਇਸ ਅਤਿਅੰਤ 'ਉਤਸ਼ਾਹ ਤੇ ਤਰੱਕੀ ਵਧਾਊ ਅਤੀਤ' ਵਿਚਲੇ ਪਰਵਾਸ ਨੇ ਜਦੋਂ ਕਰਵਟ ਬਦਲੀ ਤਾਂ ਇਸ ਦਾ ਜੋ ਰੂਪ ਸਾਡੇ ਸਾਹਮਣੇ ਆਇਆ, ਉਹ ਵਰਤਮਾਨ ਰੂਪ ਹੈ ਤੇ ਇਹ ਰੂਪ ਬੜਾ ਹੀ 'ਕਰੂਰ' ਤੇ 'ਕਰੂਪ' ਹੈ। ਵਰਤਮਾਨ ਸਮੇਂ ਅੰਦਰ ਪਰਵਾਸ ਹੰਢਾਉਣ ਵਾਲੇ ਭਾਰਤੀਆਂ ਤੇ ਪੰਜਾਬੀਆਂ ਨੇ ਹੁਣ ਪੰਜਾਬ ਵਿਚ ਰਹਿ ਗਏ ਆਪਣੇ ਪਰਿਵਾਰਕ ਮੈਂਬਰਾਂ ਨੂੰ ਪੈਸੇ ਭੇਜ ਕੇ ਹੋਰ ਜ਼ਮੀਨਾਂ ਖ਼ਰੀਦਣ ਦੀ ਥਾਂ ਰਹਿ ਗਈਆਂ ਜ਼ਮੀਨਾਂ ਵੀ ਵੇਚ ਕੇ ਵਿਦੇਸ਼ ਸੱਦ ਲੈਣ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਅਜੋਕੇ ਨੌਜਵਾਨ ਹੁਣ ਆਪਣੀ ਜ਼ਮੀਨ, ਘਰ ਤੇ ਸਭ ਕੁਝ ਵੇਚਣ ਤੋਂ ਇਲਾਵਾ ਕਰਜ਼ੇ ਦੀਆਂ ਪੰਡਾਂ ਚੁੱਕ ਕੇ ਵੀ ਵਿਦੇਸ਼ ਜਾਣ ਦਾ 'ਜੂਆ' ਖੇਡ ਰਹੇ ਹਨ।

60-70 ਲੱਖ ਰੁਪਏ ਲਗਾ ਕੇ ਵੀ ਜਾਨਲੇਵਾ 'ਡੰਕੀ' ਰੂਟ ਰਾਹੀਂ ਵਿਦੇਸ਼ ਜਾਣ ਲਈ ਸਾਡੇ ਨੌਜਵਾਨ ਤਰਲੋਮੱਛੀ ਹੋ ਰਹੇ ਹਨ। ਅਜੋਕੇ ਪਰਵਾਸ ਦਾ ਦੁੱਖਦਾਇਕ ਪਹਿਲੂ ਇਹ ਹੈ ਕਿ ਡੰਕੀ ਰੂਟ ਰਾਹੀਂ ਜਾਣ ਵਾਲੇ ਨੌਜਵਾਨਾਂ ਵਿੱਚੋਂ ਬਹੁਤਿਆਂ ਦੀਆਂ ਤਾਂ ਲਾਸ਼ਾਂ ਵੀ ਵਾਪਸ ਨਹੀਂ ਆ ਰਹੀਆਂ ਤੇ ਵਿਦੇਸ਼ ਦੀ ਧਰਤੀ 'ਤੇ ਕਦਮ ਰੱਖਣ ਵਿਚ ਸਫਲ ਹੋ ਜਾਣ ਵਾਲਿਆਂ ਦੀ ਉਥੋਂ ਦੀ ਪੁਲਿਸ ਵੱਲੋਂ ਗ੍ਰਿਫ਼ਤਾਰੀ ਕੀਤੀ ਜਾ ਰਹੀ ਹੈ ਤੇ ਬੜੇ ਹੀ 'ਅਪਮਾਨਜਨਕ' ਢੰਗ ਨਾਲ ਡਿਪੋਰਟ ਕੀਤਾ ਜਾ ਰਿਹਾ ਹੈ। ਲੱਖਾਂ ਰੁਪਏ ਬਰਬਾਦ ਕਰ ਕੇ ਡਿਪੋਰਟ ਹੋਣ ਵਾਲੇ ਨੌਜਵਾਨਾਂ ਦੇ ਆਪਣੇ ਅਤੇ ਉਨ੍ਹਾਂ ਦੇ ਮਾਪਿਆਂ ਦੇ ਪੱਲੇ ਕੱਖ ਨਹੀਂ ਰਹਿ ਰਿਹਾ।

**ਪਰਵਾਸ 'ਚ ਹੀ ਭਵਿੱਖ:**

ਵਿਦੇਸ਼ੀ ਮੁਲਕਾਂ ਵਿਚ ਪੁੱਜ ਗਏ ਗੈਂਗਸਟਰਾਂ ਤੇ ਧੋਖਾਧੜੀ ਕਰਨ ਵਾਲਿਆਂ ਨੇ ਭਾਰਤੀਆਂ ਦਾ ਅਕਸ ਖ਼ਰਾਬ ਕੀਤਾ ਹੈ ਤੇ ਵਿਦੇਸ਼ੀ ਮੁਲਕਾਂ ਵੱਲੋਂ ਨਿੱਤ ਦਿਨ ਸਖ਼ਤ ਕੀਤੇ ਜਾ ਰਹੇ ਇਮੀਗ੍ਰੇਸ਼ਨ ਦੇ ਨਿਯਮਾਂ ਕਰਕੇ ਵਰਤਮਾਨ ਪੀੜ੍ਹੀ ਦੇ ਨੌਜਵਾਨਾਂ ਨੂੰ ਭਾਰੀ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਾਡੇ ਜ਼ਿਆਦਾਤਰ ਬੱਚੇ ਕੇਵਲ ਪਲੱਸ ਟੂ ਜਮਾਤ ਤੱਕ ਪੜ੍ਹਾਈ ਕਰ ਕੇ ਅਤੇ ਆਈਲੈਟਸ ਕਰ ਕੇ ਵਿਦੇਸ਼ਾਂ ਨੂੰ ਕੂਚ ਕਰ ਰਹੇ ਸਨ ਪਰ ਹੁਣ ਵਿਦੇਸ਼ੀ ਸਰਕਾਰਾਂ ਦੁਆਰਾ ਘੜੇ ਨਵੇਂ ਨਿਯਮਾਂ ਕਰਕੇ ਅਨੇਕਾਂ ਬੱਚਿਆਂ ਤੇ ਨੌਜਵਾਨਾਂ ਨੂੰ ਹੁਣ ਆਪਣੇ ਮੁਲਕ ਅੰਦਰ ਰਹਿ ਕੇ ਹੀ ਗ੍ਰੈਜੂਏਸ਼ਨ ਕਰਨੀ ਪੈ ਰਹੀ ਹੈ, ਜਿਸ ਨਾਲ ਬੰਦ ਹੋਣ ਦੀ ਕੰਗਾਰ 'ਤੇ ਪੁੱਜ ਚੁੱਕੇ ਸਾਡੇ ਕਈ ਕਾਲਜਾਂ ਤੇ ਯੂਨੀਵਰਸਿਟੀਆਂ 'ਚ ਥੋੜ੍ਹੀ ਰੌਣਕ ਵਧੀ ਹੈ। ਸਾਡੀਆਂ ਸਰਕਾਰਾਂ ਨੇ ਇਥੇ ਧੜਾਧੜ ਇੰਜੀਨੀਅਰਿੰਗ ਤੇ ਮੈਡੀਕਲ ਕਾਲਜ ਖੋਲ੍ਹ ਦਿੱਤੇ ਤੇ ਉੱਚ-ਸਿੱਖਿਆ ਦੇ ਹੋਰ ਅਦਾਰੇ ਚਲਾਉਣ ਲਈ ਮਾਨਤਾਵਾਂ ਪ੍ਰਦਾਨ ਕਰ ਦਿੱਤੀਆਂ ਪਰ ਰੁਜ਼ਗਾਰ ਵਧਾਉਣ ਵੱਲ ਧਿਆਨ ਨਹੀਂ ਦਿੱਤਾ, ਜਿਸ ਕਰਕੇ ਪੜ੍ਹ-ਲਿਖ ਕੇ ਵੀ ਬੇਰੁਜ਼ਗਾਰੀ ਦਾ ਡੰਗ ਹੰਢਾ ਰਹੇ ਹਰ ਬੱਚੇ ਨੂੰ ਪਰਵਾਸ ਵਿਚ ਹੀ ਆਪਣਾ ਭਵਿੱਖ ਸੁਰੱਖਿਅਤ ਨਜ਼ਰ ਆਉਂਦਾ ਹੈ। ਕੋਈ ਵੇਲਾ ਸੀ ਕਿ ਮਾੜੇ ਘਰਾਂ ਨਾਲ ਸਬੰਧਿਤ ਨੌਜਵਾਨ ਆਪਣਾ ਵਰਤਮਾਨ ਤੇ ਭਵਿੱਖ ਸੁਆਰਨ ਲਈ ਪਰਵਾਸ ਹੰਢਾਉਂਦੇ ਸਨ ਪਰ ਹੁਣ ਹਾਲਾਤ ਇਹ ਹਨ ਕਿ ਸੈਂਕੜੇ ਕਿੱਲਿਆਂ ਦੇ ਮਾਲਕ ਕਿਸਾਨਾਂ, ਵੱਡੇ ਧਨਾਢ ਵਪਾਰੀਆਂ, ਸਨਅਤਕਾਰਾਂ ਅਤੇ ਹੋਰ ਅਮੀਰ ਘਰਾਣਿਆਂ ਨਾਲ ਸਬੰਧਿਤ ਨੌਜਵਾਨ ਵੀ ਵਿਦੇਸ਼ਾਂ ਵੱਲ ਨੂੰ ਭੱਜੇ ਜਾ ਰਹੇ ਹਨ। ਪੰਜਾਬ ਵਿਚ ਨਿੱਤ ਪੈਰ ਪਸਾਰਦੇ ਗੈਂਗਸਟਰਵਾਦ, ਫਿਰੌਤੀਬਾਜ਼ੀ ਅਤੇ ਨਸ਼ਾਖੋਰੀ ਦੇ ਰੁਝਾਨ ਤੋਂ ਆਪਣੇ ਬੱਚਿਆਂ ਨੂੰ ਬਚਾਉਣ ਲਈ ਚਿੰਤਤ ਕੁਝ ਮਾਪੇ ਵੀ ਆਪਣੇ ਬੱਚਿਆਂ ਨੂੰ ਆਪਣੇ ਤੋਂ ਦੂਰ ਕਿਸੇ ਹੋਰ ਮੁਲਕ ਵਿਚ ਭੇਜਣ ਦਾ ਅੱਕ ਚੱਬ ਰਹੇ ਹਨ।

**ਕੰਟਰੈਕਟ ਮੈਰਿਜ:**

ਪਰਵਾਸ ਦੀ ਵਰਤਮਾਨ ਕਰੂਪਤਾ ਦਾ ਇਕ ਕਾਲਾ ਪੱਖ ਇਹ ਵੀ ਹੈ ਕਿ ਕਈ ਪੰਜਾਬੀਆਂ ਨੇ ਆਪਣੀਆਂ ਆਈਲੈਟਸ ਪਾਸ ਧੀਆਂ ਨੂੰ ਨਕਲੀ ਵਿਆਹਾਂ ਦੀ ਦਲਦਲ 'ਚ ਧਕੇਲ ਦਿੱਤਾ ਹੈ। ਹੁਣ ਲੜਕੇ ਵਾਲਿਆਂ ਤੋਂ ਲੱਖਾਂ ਰੁਪਏ ਲੈ ਕੇ ਨਕਲੀ ਵਿਆਹ ਕੀਤੇ ਜਾ ਰਹੇ ਹਨ, ਜਿਸ ਨਾਲ ਸਾਡੇ ਅੰਦਰ ਆ ਚੁੱਕੀ ਨੈਤਿਕ ਗਿਰਾਵਟ ਪ੍ਰਗਟ ਹੋ ਰਹੀ ਹੈ ਤੇ ਅਸੀਂ ਕੰਟਰੈਕਟ ਮੈਰਿਜ ਯਾਨੀ ਸੌਦੇਬਾਜ਼ੀ ਵਾਲੇ ਵਿਆਹਾਂ ਵੱਲ ਕਦਮ ਵਧਾ ਦਿੱਤੇ ਹਨ। ਪੰਜਾਬ ਦੇ ਨੌਜਵਾਨਾਂ ਨਾਲ ਜੁੜੇ ਅਜਿਹੇ ਅਨੇਕਾਂ ਮਾਮਲੇ ਸਾਹਮਣੇ ਆ ਚੁੱਕੇ ਹਨ, ਜਿਨ੍ਹਾਂ ਵਿਚ ਮੁੰਡੇ ਵਾਲਿਆਂ ਦੇ ਪੈਸੇ ਨਾਲ ਵਿਦੇਸ਼ ਗਈਆਂ ਇਹ ਨਕਲੀ ਦੁਲਹਨਾਂ ਉੱਥੇ ਜਾ ਕੇ ਅੱਖਾਂ ਫੇਰ ਲੈਂਦੀਆਂ ਹਨ ਤੇ ਪੈਸਾ, ਪਤਨੀ ਅਤੇ ਵਿਦੇਸ਼ ਜਾਣ ਦੀ ਆਪਣੀ ਖ਼ਾਹਿਸ਼ ਦੇ ਇੰਜ ਖੁਸ ਜਾਣ ਤੋਂ ਨਿਰਾਸ਼ ਸਬੰਧਿਤ ਨੌਜਵਾਨ ਲੜਕੇ ਨਿਰਾਸ਼ਤਾ ਦੇ ਆਲਮ ਵਿਚ ਖ਼ੁਦਕੁਸ਼ੀਆਂ ਜਾਂ ਥਾਣਿਆਂ ਤੇ ਅਦਾਲਤਾਂ ਦੇ ਰਾਹ ਪੈ ਰਹੇ ਹਨ।

**ਭਿਆਨਕ ਰੂਪ:**

ਪਰਵਾਸ ਦਾ ਵਰਤਮਾਨ ਰੂਪ ਜਿੰਨਾ ਭਿਆਨਕ ਹੁੰਦਾ ਜਾ ਰਿਹਾ ਹੈ, ਉਸ ਤੋਂ ਲੱਗਦਾ ਹੈ ਕਿ ਪਰਵਾਸ ਦਾ ਭਵਿੱਖ ਕਾਫ਼ੀ ਦਰਦਨਾਕ ਤੇ ਵਿਨਾਸ਼ਕਾਰੀ ਹੋਵੇਗਾ। ਭਵਿੱਖ ਦੇ ਪਰਵਾਸ ਸਬੰਧੀ ਕਈ ਚਿੰਤਾਜਨਕ ਪ੍ਰਸ਼ਨ ਵਰਤਮਾਨ ਦੇ ਗਰਭ ਵਿਚ ਉੱਸਲ ਵੱਟੇ ਲੈ ਰਹੇ ਹਨ। ਜੇ ਵਿਦੇਸ਼ੀ ਮੁਲਕ ਆਪਣੇ ਨਿਯਮ ਸਖ਼ਤ ਕਰਦੇ ਹਨ ਤੇ ਆਉਣ ਵਾਲੇ ਸਮੇਂ ਵਿਚ ਵਿਦੇਸ਼ ਜਾਣ ਦੀ ਇੱਛਾ ਰੱਖਣ ਵਾਲੇ ਹਰ ਨੌਜਵਾਨ ਦੀ ਇੱਛਾ ਪੂਰੀ ਹੋਣੀ ਔਖੀ ਹੋ ਜਾਵੇਗੀ। ਜੇ ਸਾਡੀਆਂ ਸਰਕਾਰਾਂ ਸਾਡੇ ਨੌਜਵਾਨਾਂ ਦੇ ਰੁਜ਼ਗਾਰ ਦਾ ਪ੍ਰਬੰਧ ਕਰਨ ਦੀ ਥਾਂ ਲੋਕਾਂ ਨੂੰ ਮੁਫ਼ਤਖੋਰੇ ਬਣਾਉਣ ਦੀਆਂ ਸਕੀਮਾਂ ਦਿੰਦੀਆਂ ਰਹਿਣਗੀਆਂ ਤਾਂ ਟੁੱਟੇ ਸੁਪਨਿਆਂ ਅਤੇ ਅਧੂਰੀਆਂ ਖ਼ਾਹਿਸ਼ਾਂ ਵਾਲੇ ਹਤਾਸ਼ ਤੇ ਨਿਰਾਸ਼ ਨੌਜਵਾਨਾਂ ਨੂੰ ਨਸ਼ਾਖੋਰੀ,ਅਪਰਾਧ ਜਾਂ ਖ਼ੁਦਕੁਸ਼ੀ ਦੇ ਲੜ ਲੱਗਣ ਤੋਂ ਇਲਾਵਾ ਕੋਈ ਹੋਰ ਰਸਤਾ ਨਜ਼ਰ ਨਹੀਂ ਆਵੇਗਾ।

ਅਜੋਕੇ ਪੰਜਾਬੀ ਨੌਜਵਾਨਾਂ ਨੇ ਬਿਨਾਂ ਸੋਚੇ-ਸਮਝੇ ਹੀ ਪਰਵਾਸ ਦੇ ਲੜ ਲੱਗਣ ਦੇ ਚੱਕਰ ਵਿਚ ਆਪਣੇ ਪੁਰਖਿਆਂ ਵੱਲੋਂ ਦਿੱਤੀ ਗਈ 'ਕਿਰਤ ਕਰਨ' ਅਤੇ 'ਵੰਡ ਛਕਣ' ਦੀ ਦਾਤ ਨੂੰ ਵਿਸਾਰ ਦਿੱਤਾ ਹੈ। ਪੰਜਾਬੀਆਂ ਵੱਲੋਂ ਪੰਜਾਬ ਵਿਚ ਰਹਿ ਕੇ ਤੇ ਹੱਡ-ਭੰਨਵੀਂ ਮਿਹਨਤ ਕਰ ਕੇ ਆਪਣੀ ਰੋਜ਼ੀ ਰੋਟੀ ਕਮਾਉਣ ਪ੍ਰਤੀ ਵਿਖਾਏ ਅਵੇਸਲੇਪਣ ਨੇ ਦਸਤਕਾਰੀ ਦੇ ਕਈ ਕਿੱਤਿਆਂ ਅੰਦਰ ਵੱਡਾ ਖ਼ਲਾਅ ਪੈਦਾ ਕਰ ਦਿੱਤਾ ਹੈ, ਜਿਸ ਨੂੰ ਭਾਰਤ ਦੇ ਦੂਜੇ ਸੂਬਿਆਂ ਤੋਂ ਆਏ ਪਰਵਾਸੀ ਭਾਰਤੀਆਂ ਨੇ ਭਰ ਦਿੱਤਾ ਹੈ।

**- ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**

# ਇਮੀਗ੍ਰੇਸ਼ਨ ਸਖਤ ਕਰਨ ਨਾਲ ਦੇਸ਼ ਦੀ ਆਰਥਿਕਤਾ ਕਮਜ਼ੋਰ ਹੋਈ: ਮਾਰਕ ਕਾਰਨੀ

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦੇਸ਼ ਵਿੱਚ ਚੱਲ ਰਹੀ 'ਤਕਨੀਕੀ ਮੰਦੀ' ਦੇ ਮੁੱਦੇ 'ਤੇ ਇੱਕ ਅਹਿਮ ਬਿਆਨ ਦਿੱਤਾ ਹੈ। ਪ੍ਰਧਾਨ ਮੰਤਰੀ ਨੇ ਕਬੂਲ ਕੀਤਾ ਹੈ ਕਿ ਉਨ੍ਹਾਂ ਦੀ ਸਰਕਾਰ ਵੱਲੋਂ ਇਮੀਗ੍ਰੇਸ਼ਨ ਨੂੰ ਘਟਾਉਣ ਦਾ ਫੈਸਲਾ ਹੀ ਦੇਸ਼ ਦੀ ਆਰਥਿਕ ਕਮਜ਼ੋਰੀ ਦਾ ਇੱਕ ਵੱਡਾ ਕਾਰਨ ਬਣ ਰਿਹਾ ਹੈ। ਕੈਨੇਡਾ ਦੀ ਅਧਿਕਾਰਤ ਡਾਟਾ ਏਜੰਸੀ 'ਸਟੈਟਿਸਟਿਕਸ ਕੈਨੇਡਾ' ਨੇ ਰਿਪੋਰਟ ਜਾਰੀ ਕੀਤੀ ਸੀ ਕਿ ਇਸ ਸਾਲ ਦੀ ਪਹਿਲੀ ਤਿਮਾਹੀ ਵਿੱਚ ਦੇਸ਼ ਦੀ ਅਰਥਵਿਵਸਥਾ ਵਿੱਚ 0.1 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਲਗਾਤਾਰ ਦੋ ਤਿਮਾਹੀਆਂ ਵਿੱਚ ਆਰਥਿਕ ਗਿਰਾਵਟ ਹੋਣ ਕਾਰਨ ਇਸ ਨੂੰ ਕਾਨੂੰਨੀ ਤੇ ਆਰਥਿਕ ਭਾਸ਼ਾ ਵਿੱਚ 'ਤਕਨੀਕੀ ਮੰਦੀ' ਕਿਹਾ ਜਾਂਦਾ ਹੈ।

ਇਸ ਸਬੰਧੀ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਪ੍ਰਧਾਨ ਮੰਤਰੀ ਕਾਰਨੀ ਨੇ ਕਿਹਾ, "ਅਸੀਂ ਅਰਥਵਿਵਸਥਾ ਵਿੱਚ ਕਮਜ਼ੋਰੀ ਦੇਖ ਰਹੇ ਹਾਂ, ਜੋ ਕਿ ਸਰਕਾਰ ਦੇ ਸਪਸ਼ਟ ਫੈਸਲਿਆਂ ਕਾਰਨ ਹੈ। ਅਸੀਂ ਇਮੀਗ੍ਰੇਸ਼ਨ 'ਤੇ ਮੁੜ ਕੰਟਰੋਲ ਹਾਸਲ ਕਰ ਲਿਆ ਹੈ, ਜਿਸ ਦਾ ਮਤਲਬ ਹੈ ਕਿ ਜਨਸੰਖਿਆ ਦੀ ਵਿਕਾਸ ਦਰ ਪਿਛਲੀਆਂ ਦੋ ਤਿਮਾਹੀਆਂ ਤੋਂ ਮਨਫ਼ੀ ਰਹੀ ਹੈ।" ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਇੱਕ ਮਜ਼ਬੂਤ ਅਤੇ ਵਧੇਰੇ ਸੁਤੰਤਰ ਕੈਨੇਡੀਅਨ ਅਰਥਵਿਵਸਥਾ ਦੀ ਨੀਂਹ ਰੱਖ ਰਹੀ ਹੈ, ਪਰ ਇਸ ਦੌਰਾਨ ਆਰਥਿਕ ਅੰਕੜੇ ਉਤਾਰ-ਚੜ੍ਹਾਅ ਵਾਲੇ ਰਹਿ ਸਕਦੇ ਹਨ। ਪ੍ਰਧਾਨ ਮੰਤਰੀ ਦੇ ਇਸ ਬਿਆਨ ਮਗਰੋਂ ਕਿਆਸ ਲਗਾਏ ਜਾ ਰਹੇ ਹਨ ਕਿ ਕੈਨੇਡਾ ਪ੍ਰਸ਼ਾਸਨ ਦੇਸ਼ ਦੇ ਇਮੀਗ੍ਰੇਸ਼ਨ ਨਿਯਮਾਂ 'ਚ ਥੋੜ੍ਹੀ ਢਿੱਲ ਦੇ ਸਕਦਾ ਹੈ, ਤਾਂ ਜੋ ਪ੍ਰਵਾਸੀ ਪਹਿਲਾਂ ਵਾਂਗ ਇਥੇ ਆ ਕੇ ਅਰਥਵਿਵਸਥਾ ਦੇ ਸੁਧਾਰ 'ਚ ਯੋਗਦਾਨ ਪਾ ਸਕਣ।

ਕੈਨੇਡਾ ਨੇ ਸਾਲ 2025 ਵਿੱਚ ਆਪਣੀ ਆਬਾਦੀ ਵਿੱਚ ਵੱਡੀ ਗਿਰਾਵਟ ਦਰਜ ਕੀਤੀ ਹੈ। ਜਦੋਂ ਤੋਂ ਆਬਾਦੀ ਦਾ ਰਿਕਾਰਡ ਰੱਖਣਾ ਸ਼ੁਰੂ ਹੋਇਆ ਹੈ, ਪਿਛਲੇ 150 ਤੋਂ ਵੱਧ ਸਾਲਾਂ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੈ ਜਦੋਂ ਦੇਸ਼ ਦੀ ਆਬਾਦੀ ਵਧਣ ਦੀ ਬਜਾਏ ਘਟੀ ਹੈ। 1 ਜਨਵਰੀ 2025 ਤੋਂ 1 ਜਨਵਰੀ 2026 ਦੇ ਵਿਚਕਾਰ ਕੈਨੇਡਾ ਦੀ ਆਬਾਦੀ ਵਿੱਚ 102,436 (0.2 ਫ਼ੀਸਦੀ) ਦੀ ਕਮੀ ਆਈ ਹੈ। ਆਬਾਦੀ ਵਿੱਚ ਇਹ ਇਤਿਹਾਸਕ ਗਿਰਾਵਟ ਮੁੱਖ ਤੌਰ 'ਤੇ ਕੱਚੇ ਪ੍ਰਵਾਸੀਆਂ, ਜਿਵੇਂ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਅਸਥਾਈ ਕਾਮਿਆਂ ਦੀ ਆਮਦ ਘਟਾਉਣ ਕਾਰਨ ਹੋਈ ਹੈ। 1 ਅਕਤੂਬਰ 2024 ਨੂੰ ਕੈਨੇਡਾ ਵਿੱਚ ਗ਼ੈਰ-ਸਥਾਈ ਨਿਵਾਸੀਆਂ ਦੀ ਗਿਣਤੀ 3,149,131 ਸੀ, ਜੋ 1 ਜਨਵਰੀ 2026 ਤੱਕ ਘਟ ਕੇ 2,676,441 ਰਹਿ ਗਈ।

'ਇਮੀਗ੍ਰੇਸ਼ਨ, ਰੈਫਿਊਜੀਜ਼ ਐਂਡ ਸਿਟੀਜ਼ਨਸ਼ਿਪ ਕੈਨੇਡਾ' ਦੇ ਅਧਿਕਾਰਤ ਅੰਕੜਿਆਂ ਮੁਤਾਬਕ, ਸਾਲ 2024 ਵਿੱਚ ਕੈਨੇਡਾ ਵਿੱਚ 483,655 ਨਵੇਂ ਸਥਾਈ ਪ੍ਰਵਾਸੀ (ਫ਼) ਆਏ ਸਨ, ਪਰ ਸਾਲ 2025 ਵਿੱਚ ਇਹ ਗਿਣਤੀ ਘਟ ਕੇ 393,530 ਰਹਿ ਗਈ, ਜੋ ਕਿ ਸਿੱਧੇ ਤੌਰ 'ਤੇ 19 ਫ਼ੀਸਦੀ ਦੀ ਕਮੀ ਦਰਸਾਉਂਦੀ ਹੈ।

ਰਿਪੋਰਟ ਵਿੱਚ ਸਾਫ਼ ਕੀਤਾ ਗਿਆ ਹੈ ਕਿ ਇਸ ਗਿਰਾਵਟ ਦਾ ਸਭ ਤੋਂ ਵੱਡਾ ਕਾਰਨ ਭਾਰਤ ਤੋਂ ਜਾਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਘਟਣਾ ਹੈ। ਕੈਨੇਡਾ ਜਾਣ ਵਾਲੇ ਭਾਰਤੀਆਂ ਦੀ ਗਿਣਤੀ 127,375 ਤੋਂ ਸਿੱਧੀ ਘਟ ਕੇ 98,770 ਰਹਿ ਗਈ ਹੈ। ਇਹ ਕਮੀ ਮੁੱਖ ਤੌਰ 'ਤੇ ਸਟੱਡੀ ਪਰਮਿਟ ਅਤੇ ਵਰਕ ਪਰਮਿਟ ਦੇ ਨਿਯਮਾਂ ਵਿੱਚ ਕੀਤੀ ਗਈ ਸਖ਼ਤੀ ਕਾਰਨ ਦੇਖਣ ਨੂੰ ਮਿਲੀ ਹੈ।

# ਕੈਨੇਡਾ ਵਿਚ 12 ਮਿਲੀਅਨ ਲੋਕਾਂ ਨੂੰ ਮਿਲਣਗੇ 533 ਡਾਲਰ

**ਓਟਵਾ**: ਕੈਨੇਡਾ ਦੇ 12 ਮਿਲੀਅਨ ਲੋਕਾਂ ਦੇ ਖਾਤੇ ਵਿਚ 533 ਡਾਲਰ ਦੀ ਰਕਮ ਜਮ੍ਹਾਂ ਹੋਣ ਦਾ ਸਿਲਸਿਲਾ 5 ਜੂਨ ਤੋਂ ਸ਼ੁਰੂ ਹੋ ਰਿਹਾ ਹੈ ਜੋ ਫ਼ੈਡਰਲ ਸਰਕਾਰ ਵੱਲੋਂ ਜੀ.ਐਸ.ਟੀ. ਰਿਆਇਤ ਦੇ ਟੌਪ-ਅੱਪ ਅਦਾ ਕੀਤੀ ਜਾਣੀ ਹੈ। ਜੀ ਹਾਂ, ਕੈਨੇਡੀਅਨਜ਼ ਨੂੰ ਗਰੌਸਰੀ ਦੀਆਂ ਵਧਦੀਆਂ ਕੀਮਤਾਂ ਤੋਂ ਰਾਹਤ ਦੇ ਇਰਾਦੇ ਨਾਲ ਇਹ ਰਕਮ ਅਦਾ ਕੀਤਾ ਜਾ ਰਹੀ ਹੈ। ਜੁਲਾਈ 2025 ਤੋਂ ਜੂਨ 2026 ਤੱਕ ਮਿਲੀ ਜੀ.ਐਸ.ਟੀ. ਰਿਆਇਤ ਦਾ 50 ਫ਼ੀ ਸਦੀ ਦੇ ਬਰਾਬਰ ਇਕਮੁਸ਼ਤ ਟੌਪ-ਅੱਪ ਵਜੋਂ 533 ਡਾਲਰ ਦਿਤੇ ਜਾ ਰਹੇ ਹਨ ਅਤੇ ਇਸ ਤੋਂ ਬਾਅਦ ਜੁਲਾਈ ਵਿਚ ਜੀ.ਐਸ.ਟੀ. ਰੀਬੇਟ ਯੋਜਨਾ, ਕੈਨੇਡਾ ਗ੍ਰੌਸਰੀਜ਼ ਐਂਡ ਅਸੈਂਸ਼ਲਜ਼ ਬੈਨੇਫ਼ਿਟ ਦਾ ਰੂਪ ਲੈ ਲਵੇਗੀ ਜਿਸ ਤਹਿਤ 25 ਫ਼ੀ ਸਦੀ ਵਾਧੇ ਨਾਲ ਤਿਮਾਹੀ ਅਦਾਇਗੀਆਂ ਯੋਗ ਪਰਵਾਰਾਂ ਦੇ ਖਾਤੇ ਵਿਚ ਆਉਣੀਆਂ ਸ਼ੁਰੂ ਹੋ ਜਾਣਗੀਆਂ।

**5 ਜੂਨ ਤੋਂ ਖਾਤਿਆਂ ਵਿਚ ਆਉਣੀ ਸ਼ੁਰੂ ਹੋਵੇਗੀ ਰਕਮ:**

5 ਜੂਨ ਤੋਂ ਬਗੈਰ ਬੱਚਿਆਂ ਵਾਲੇ ਜੋੜੇ ਨੂੰ 349 ਡਾਲਰ, ਇਕ ਬੱਚੇ ਵਾਲੇ ਜੋੜੇ ਨੂੰ 441 ਡਾਲਰ, ਦੋ ਬੱਚਿਆ ਵਾਲੇ ਜੋੜੇ ਨੂੰ 533 ਡਾਲਰ, ਤਿੰਨ ਬੱਚਿਆਂ ਵਾਲੇ ਜੋੜੇ ਨੂੰ 625 ਡਾਲਰ ਅਤੇ ਚਾਰ ਬੱਚਿਆਂ ਵਾਲੇ ਜੋੜੇ ਨੂੰ 717 ਡਾਲਰ ਮਿਲਣਗੇ।

ਕੁਲ ਅਦਾਇਗੀ ਯੋਗ ਰਕਮ ਜੋੜੀ ਜਾਵੇ ਤਾਂ ਮੌਜੂਦਾ ਵਰ੍ਹੇ ਦੌਰਾਨ ਪਤੀ-ਪਤਨੀ ਅਤੇ ਦੋ ਬੱਚਿਆਂ ਵਾਲੇ ਪਰਵਾਰ ਦੇ ਖਾਤੇ ਵਿਚ 1,890 ਡਾਲਰ ਤੱਕ ਦੀ ਰਕਮ ਆ ਸਕਦੀ ਹੈ। ਇਕੱਲੇ ਤੌਰ 'ਤੇ ਰਹਿ ਰਹੇ ਕਿਸੇ ਕੈਨੇਡੀਅਨ ਨੂੰ 2026 ਦੌਰਾਨ 950 ਡਾਲਰ ਦੀ ਰਕਮ ਮਿਲੇਗੀ ਜਿਸ ਵਿਚ ਟੌਪ-ਅੱਪ ਸ਼ਾਮਲ ਹੈ। ਉਧਰ, ਕੈਨੇਡਾ ਰੈਵੇਨਿਊ ਏਜੰਸੀ ਦਾ ਕਹਿਣਾ ਹੈ ਕਿ ਜਿਹੜੇ ਲੋਕ ਡਾਇਰੈਕਟ ਡਿਪੌਜ਼ਟ ਯੋਜਨਾ ਵਿਚ ਸ਼ਾਮਲ ਨਹੀਂ ਹੋਏ, ਉਨ੍ਹਾਂ ਨੂੰ ਡਾਕ ਰਾਹੀਂ ਚੈੱਕ ਭੇਜੇ ਜਾਣਗੇ।

ਜੇ ਕਿਸੇ ਪਰਵਾਰ ਨੂੰ ਟੌਪ ਅੱਪ ਅਦਾਇਗੀ ਨਹੀਂ ਮਿਲਦੀ ਤਾਂ ਸੀ.ਆਰ.ਏ. ਮੁਤਾਬਕ ਇਸ ਦੇ ਕਈ ਸੰਭਾਵਤ ਕਾਰਨ ਹੋ ਸਕਦੇ ਹਨ ਜਿਨ੍ਹਾਂ ਵਿਚ ਟੈਕਸ ਰਿਟਰਨ ਦਾਖ਼ਲ ਨਾ ਕੀਤੀ ਹੋਣੀ ਜਾਂ ਸੀ.ਆਰ.ਏ. ਦੀ ਬਕਾਇਆ ਦੇਣਦਾਰੀ ਸ਼ਾਮਲ ਹੋ ਸਕਦੀ ਹੈ।

**ਗਰੌਸਰੀ ਦੀਆਂ ਵਧਦੀਆਂ ਕੀਮਤਾਂ ਤੋਂ ਰਾਹਤ ਦਾ ਉਪਰਾਲਾ:**

ਫ਼ੈਡਰਲ ਸਰਕਾਰ ਨੇ ਕੈਨੇਡੀਅਨਜ਼ ਨੂੰ ਚੇਤੇ ਕਰਵਾਇਆ ਹੈ ਕਿ ਮੌਜੂਦਾ ਰਾਹਤ 2024 ਦੀਆਂ ਟੈਕਸ ਰਿਟਰਨਾਂ ਦੇ ਆਧਾਰ 'ਤੇ ਮਿਲੇਗੀ ਅਤੇ ਟੈਕਸ ਕਟੌਤੀਆਂ ਤੋਂ ਬਾਅਦ ਚਾਰ ਜੀਆਂ ਵਾਲੇ ਪਰਵਾਰ ਦੀ ਆਮਦਨ 70,521 ਡਾਲਰ ਸਾਲਾਨਾ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਕਹਿਰੇ ਸ਼ਖ਼ਸ ਦੇ ਮਾਮਲੇ ਵਿਚ ਟੈਕਸ ਕਟੌਤੀਆਂ ਮਗਰੋਂ ਨੈਟ ਇਨਕਮ 56,181 ਡਾਲਰ ਤੋਂ ਵੱਧ ਨਹੀਂ ਹੋਣੀ ਚਾਹੀਦੀ। ਸਟੈਟਿਸਟਿਕਸ ਕੈਨੇਡਾ ਦੀ ਰਿਪੋਰਟ ਮੁਤਾਬਕ ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਵਿਚ ਵਾਧਾ ਹੋਇਆ ਹੈ ਅਤੇ ਈਰਾਨ ਜੰਗ ਦੇ ਮੱਦੇਨਜ਼ਰ ਅਪ੍ਰੈਲ ਦੌਰਾਨ ਮਹਿੰਗਾਈ ਦਰ ਵਧ ਕੇ 2.8 ਫ਼ੀ ਸਦੀ ਹੋ ਗਈ। ਇਸ ਤੋਂ ਪਹਿਲਾਂ ਜਨਵਰੀ ਦੇ ਮੁਕਾਬਲੇ ਫ਼ਰਵਰੀ ਦੌਰਾਨ ਖ਼ੁਰਾਕੀ ਵਸਤਾਂ ਦੀਆਂ ਕੀਮਤਾਂ ਵਿਚ ਵਾਧਾ ਹੋਇਆ।

A CREATIVE DESIGN & PRINT SOURCE

ਹਰ ਤਰ੍ਹਾਂ ਦੀ ਪ੍ਰਿੰਟਿੰਗ ਅਤੇ
ਵਿਆਹ-ਸ਼ਾਦੀਆਂ ਦੇ ਕਾਰਡ

DESIGN 360
GRAPHICS & PROMOTIONS INC.
.... create a new

GRAPHIC DESIGNING
PRODUCT PHOTOGRAPHY
OFFSET / DIGITAL PRINTING
SIGNAGES DISPLAYS

CONTACT: AMANDEEP SINGH
604 590 0066 / 604 317 8750
#1 13415 76 AVE. SURREY

# ਪੰਜਾਬ ਦੀ 17 ਸਾਲਾਂ ਧੀ ਦਾ ਕੈਨੇਡਾ ’ਚ ਕਮਾਲ: 35 ਸਾਲ ਪੁਰਾਣੀ ਮੈਡੀਕਲ ਖ਼ਾਮੀ ਕੀਤੀ ਦੂਰ!




ਕੈਨੇਡਾ ਦੇ ਓਨਟਾਰੀਓ ਸੂਬੇ ਦੇ ਕਿਚਨਰ ਸ਼ਹਿਰ ਦੀ 17 ਸਾਲਾ ਪੰਜਾਬੀ ਮੂਲ ਦੀ ਵਿਦਿਆਰਥਣ ਗੁਰਨੂਰ ਕੌਰ ਨੇ ਆਪਣੀ ਵਿਲੱਖਣ ਖੋਜ ਨਾਲ ਕੌਮੀ ਪੱਧਰ ’ਤੇ ਵੱਡੀ ਉਪਲਬਧੀ ਹਾਸਲ ਕੀਤੀ ਹੈ। ਗੁਰਨੂਰ ਨੂੰ ਐਡਮਿੰਟਨ ਵਿੱਚ ਹੋਏ ‘ਕੈਨੇਡਾ-ਵਿਆਪੀ ਸਾਇੰਸ ਫੇਅਰ’ ਵਿੱਚ ‘ਬੈੱਸਟ ਪ੍ਰੋਜੈਕਟ ਫ਼ਾਰ ਇਨੋਵੇਸ਼ਨ’ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। ਕੈਮਰਨ ਹਾਈਟਸ ਕਾਲਜੀਏਟ ਇੰਸਟੀਚਿਊਟ ਦੀ ਗਿਆਰ੍ਹਵੀਂ ਜਮਾਤ ਦੀ ਵਿਦਿਆਰਥਣ ਗੁਰਨੂਰ ਕੌਰ ਦਾ ਇਹ ਪ੍ਰੋਜੈਕਟ ਸਿਹਤ ਖੇਤਰ ਵਿੱਚ ਇੱਕ ਅਹਿਮ ਸਮੱਸਿਆ ਦੇ ਹੱਲ ਨਾਲ ਜੁੜਿਆ ਹੋਇਆ ਹੈ।

ਗੁਰਨੂਰ ਦੀ ਖੋਜ ਦਾ ਮੁੱਖ ਕੇਂਦਰ ਪਲਸ ਆਕਸੀਮੀਟਰਾਂ ਵਿੱਚ ਮੌਜੂਦ ਉਸ ਤਕਨੀਕੀ ਕਮੀ ਨੂੰ ਦੂਰ ਕਰਨਾ ਹੈ, ਜਿਸ ਕਾਰਨ ਗੂੜ੍ਹੇ ਜਾਂ ਸਾਂਵਲੇ ਰੰਗ ਦੀ ਚਮੜੀ ਵਾਲੇ ਲੋਕਾਂ ਵਿੱਚ ਖ਼ੂਨ ਦੇ ਆਕਸੀਜਨ ਪੱਧਰ ਦੀ ਮਾਪ ਸਹੀ ਨਹੀਂ ਆਉਂਦੀ ਸੀ। ਵਿਗਿਆਨੀਆਂ ਅਤੇ ਮੇਲੇ ਦੇ ਜੱਜਾਂ ਮੁਤਾਬਕ ਖ਼ੂਨ ਵਿੱਚ ਆਕਸੀਜਨ ਦੀ ਮਾਤਰਾ ਮਾਪਣ ਵਾਲੇ ਸੈਂਸਰ ਨਾਲ ਜੁੜੀ ਇਹ ਸਮੱਸਿਆ ਪਿਛਲੇ ਸਾਢੇ ਤਿੰਨ ਦਹਾਕਿਆਂ (35 ਸਾਲਾਂ) ਤੋਂ ਮੌਜੂਦ ਸੀ, ਜਿਸ ਨਾਲ ਮਰੀਜ਼ਾਂ ਦੇ ਇਲਾਜ ਅਤੇ ਨਤੀਜਿਆਂ ’ਤੇ ਮਾੜ੍ਹ ਅਸਰ ਪੈਂਦਾ ਆ ਰਿਹਾ ਸੀ। ਗੁਰਨੂਰ ਦੀ ਖੋਜ ਨੇ ਹੁਣ ਇਸ ਖ਼ਾਮੀ ਨੂੰ ਜੜ੍ਹੋਂ ਖ਼ਤਮ ਕਰਨ ਦਾ ਰਾਹ ਦਿਖਾਇਆ ਹੈ।

ਗੁਰਨੂਰ ਨੇ ਦੱਸਿਆ ਕਿ ਆਮ ਤੌਰ ’ਤੇ ਇਹ ਮੰਨਿਆ ਜਾਂਦਾ ਸੀ ਕਿ ਇਹ ਸਮੱਸਿਆ ਸਿਰਫ਼ ਗੂੜ੍ਹੇ ਰੰਗ ਦੇ ਲੋਕਾਂ ਦੇ ਡਾਟਾ ਦੀ ਘਾਟ ਕਾਰਨ ਪੈਦਾ ਹੁੰਦੀ ਹੈ। ਪਰ ਖੋਜ ਦੌਰਾਨ ਉਸ ਨੇ ਪਾਇਆ ਕਿ ਮੌਜੂਦਾ ਕਾਰਡਿਅਕ ਮਾਡਲਾਂ ਵਿੱਚ ਇੱਕ ਗਣਿਤਕ ਖ਼ਾਮੀ ਵੀ ਮੌਜੂਦ ਹੈ, ਜੋ ਇਸ ਗ਼ਲਤੀ ਦਾ ਇੱਕ ਵੱਡਾ ਕਾਰਨ ਬਣਦੀ ਹੈ। ਉਸ ਨੇ ਇਸ ਮਾਡਲ ਵਿੱਚ ਲੋੜੀਂਦੇ ਸੁਧਾਰ ਕਰਕੇ ਇੱਕ ਅਜਿਹਾ ਵਿਗਿਆਨਕ ਹੱਲ ਪੇਸ਼ ਕੀਤਾ, ਜਿਸ ਨਾਲ ਵੱਖ-ਵੱਖ ਨਸਲਾਂ ਅਤੇ ਵਰਗਾਂ ਦੇ ਮਰੀਜ਼ਾਂ ਲਈ ਆਕਸੀਜਨ ਮਾਪਣ ਦੀ ਪ੍ਰਕਿਰਿਆ ਪੂਰੀ ਤਰ੍ਹਾਂ ਸਹੀ ਅਤੇ ਨਿਰਪੱਖ ਬਣ ਸਕਦੀ ਹੈ।

ਇਸ ਤੋਂ ਪਹਿਲਾਂ ਵੀ ਗੁਰਨੂਰ ਨੇ ਹਸਪਤਾਲਾਂ ਵਿੱਚ ਮਰੀਜ਼ਾਂ ਨੂੰ ਹੋਣ ਵਾਲੇ ਡਿਲੀਰੀਅਮ (ਧਇਲਿਰਿਮ - ਦਿਮਾਗੀ ਉਲਝਣ) ਦੀ ਪਛਾਣ ਕਰਨ ਲਈ ਇੱਕ ਏਆਈ-ਅਧਾਰਿਤ ਸਿਸਟਮ ਤਿਆਰ ਕੀਤਾ ਸੀ। ਇਹ ਸਿਸਟਮ ਕੈਮਰਿਆਂ ਅਤੇ ਆਰਟੀਫ਼ੀਸ਼ੀਅਲ ਇੰਟੈਲੀਜੈਂਸ ਦੀ ਮਦਦ ਨਾਲ ਬਿਨਾਂ ਕਿਸੇ ਸਰੀਰਕ ਸੰਪਰਕ ਦੇ ਮਰੀਜ਼ਾਂ ਦੀਆਂ ਭਾਵਨਾਵਾਂ, ਚਿਹਰੇ ਦੇ ਸੂਖਮ ਹਾਵ-ਭਾਵਾਂ, ਦਿਲ ਦੀ ਧੜਕਣ ਅਤੇ ਸਾਹ ਲੈਣ ਦੀ ਗਤੀ ਦੀ ਨਿਗਰਾਨੀ ਕਰ ਸਕਦਾ ਹੈ। ਇਸ ਨਾਲ ਹਸਪਤਾਲਾਂ ਵਿੱਚ ਭਾਰੀ-ਭਰਕਮ ਸੈਂਸਰਾਂ ਦੀ ਲੋੜ ਘੱਟ ਜਾਂਦੀ ਹੈ। ਇਸ ਡਿਵਾਈਸ ਵਿੱਚ ਇੱਕ ਚੈਟਬੋਟ ਵੀ ਸ਼ਾਮਲ ਹੈ ਜੋ ਮਰੀਜ਼ਾਂ ਨੂੰ ਮਾਨਸਿਕ ਤੌਰ ‘ਤੇ ਸਚੇਤ ਰੱਖਦਾ ਹੈ, ਜਿਸ ਨਾਲ ਡਿਲੀਰੀਅਮ ਦਾ ਖ਼ਤਰਾ 50 ਫ਼ੀਸਦੀ ਤੱਕ ਘਟਾਇਆ ਜਾ ਸਕਦਾ ਹੈ।

ਗੁਰਨੂਰ ਨੇ ਦੱਸਿਆ ਕਿ ਪਲਸ ਆਕਸੀਮੀਟਰ ‘ਤੇ ਕੀਤੀ ਗਈ ਉਸ ਦੀ ਮੌਜੂਦਾ ਖੋਜ ਵੀ ਇਸੇ ਪ੍ਰੋਜੈਕਟ ਦਾ ਹਿੱਸਾ ਹੈ, ਕਿਉਂਕਿ ਉਸ ਨੇ ਮਰੀਜ਼ਾਂ ਦੀ ਸਰੀਰਕ ਨਿਗਰਾਨੀ ਵਾਲੀਆਂ ਪ੍ਰਣਾਲੀਆਂ ਵਿੱਚ ਚਮੜੀ ਦੇ ਰੰਗ ਦੇ ਆਧਾਰ ’ਤੇ ਹੁੰਦਾ ਪੱਖਪਾਤ ਦੇਖਿਆ ਸੀ, ਜਿੱਥੇ ਹਲਕੇ ਰੰਗ ਦੀ ਚਮੜੀ ਵਾਲਿਆਂ ਦੇ ਮੁਕਾਬਲੇ ਗੂੜ੍ਹੇ ਰੰਗ ਦੀ ਚਮੜੀ ਵਾਲੇ ਮਰੀਜ਼ਾਂ ਲਈ ਗ਼ਲਤੀ ਦੀ ਦਰ ਕਾਫ਼ੀ ਵੱਧ ਹੁੰਦੀ ਸੀ।

ਗੁਰਨੂਰ ਕੌਰ ਦਾ ਕਹਿਣਾ ਹੈ ਕਿ ਉਹ ਭਵਿੱਖ ਵਿੱਚ ਮੈਡੀਸਨ ਅਤੇ ਕੰਪਿਊਟੇਸ਼ਨਲ ਬਾਇਓਫਿਜ਼ਿਕਸ ਦੇ ਖੇਤਰ ਵਿੱਚ ਆਪਣਾ ਕੈਰੀਅਰ ਬਣਾਉਣਾ ਚਾਹੁੰਦੀ ਹੈ। ਉਸ ਦਾ ਮੁੱਖ ਟੀਚਾ ਅਜਿਹੀਆਂ ਸਿਹਤ ਤਕਨੀਕਾਂ ਵਿਕਸਿਤ ਕਰਨਾ ਹੈ ਜੋ ਹਰ ਵਰਗ ਦੇ ਲੋਕਾਂ ਲਈ ਬਰਾਬਰ ਅਤੇ ਨਿਰਪੱਖ ਸਿਹਤ ਸੇਵਾਵਾਂ ਯਕੀਨੀ ਬਣਾ ਸਕਣ।ਕੈਨੇਡਾ ਦੇ ਇਸ ਸਭ ਤੋਂ ਵੱਡੇ ਯੁਵਾ ਵਿਗਿਆਨਕ ਮੁਕਾਬਲੇ ਵਿੱਚ ਇਹ ਵਕਾਰੀ ਸਨਮਾਨ ਜਿੱਤਣਾ ਜਿੱਥੇ ਗੁਰਨੂਰ ਦੀ ਵਿਗਿਆਨਕ ਯੋਗਤਾ ਦਾ ਪ੍ਰਮਾਣ ਹੈ, ਉੱਥੇ ਹੀ ਉਸ ਦੀ ਇਹ ਉਪਲਬਧੀ ਪੂਰੇ ਪੰਜਾਬੀ ਭਾਈਚਾਰੇ ਲਈ ਬਹੁਤ ਵੱਡੇ ਮਾਣ ਵਾਲੀ ਗੱਲ ਹੈ।



# ਸਰੀ ’ਚ ਨਾਵਲਕਾਰ ਕੰਵਲ ਦੇ ਜੀਵਨ ’ਤੇ ਆਧਾਰਿਤ ਦਸਤਾਵੇਜ਼ੀ ਫਿਲਮ ‘ਕੰਵਲ’ ਦਾ ਪ੍ਰਦਰਸ਼ਨ

**ਸਰੀ**: ‘ਮਾਂ ਬੋਲੀ ਫਿਲਮ ਮੇਲਾ ਕੈਨੇਡਾ’ ਵੱਲੋਂ ਸਟਰਾਅਬੇਰੀ ਹਿਲ, ਸਰੀ ਵਿਖੇ ਪੰਜਾਬੀ ਦੇ ਮਹਾਨ ਨਾਵਲਕਾਰ ਜਸਵੰਤ ਸਿੰਘ ਕੰਵਲ ਦੇ ਜੀਵਨ ਅਤੇ ਰਚਨਾਵਾਂ ‘ਤੇ ਆਧਾਰਿਤ ਦਸਤਾਵੇਜ਼ੀ ਫਿਲਮ ‘ਕੰਵਲ’ ਦਿਖਾਈ ਗਈ। ਮਾਡਰੇਟਰ ਨਵਲਪ੍ਰੀਤ ਰੰਗੀ ਦੇ ਵਿਸ਼ੇਸ਼ ਯਤਨਾਂ ਸਦਕਾ ਕਰਵਾਏ ਗਏ ਇਸ ਸਮਾਗਮ ਵਿੱਚ ਸਰੀ ਦੇ ਨਾਮਵਰ ਲੇਖਕਾਂ, ਸਾਹਿਤਕਾਰਾਂ ਅਤੇ ਕਲਾ ਪ੍ਰੇਮੀਆਂ ਨੇ ਸ਼ਿਰਕਤ ਕੀਤੀ।

ਦਸਤਾਵੇਜ਼ੀ ਫਿਲਮ ਵਿਚ ਬਾਖੂਬੀ ਦਰਸਾਇਆ ਕਿ ਜਸਵੰਤ ਸਿੰਘ ਕੰਵਲ ਪੰਜਾਬੀ ਦੇ ਉਹ ਸਿਰਮੌਰ ਸਾਹਿਤਕਾਰ ਸਨ, ਜਿਨ੍ਹਾਂ ਨੇ ਸੱਤ ਦਹਾਕਿਆਂ ਤੋਂ ਵੱਧ ਸਮੇਂ ਤੱਕ ਪੰਜਾਬੀ ਮਾਂ-ਬੋਲੀ ਦੀ ਸੇਵਾ ਕੀਤੀ ਅਤੇ ‘ਪੂਰਨਮਾਸ਼ੀ’, ‘ਰਾਤ ਬਾਕੀ ਹੈ’ ਤੇ ‘ਲਹੂ ਦੀ ਲੋਅ’ ਵਰਗੇ ਚਰਚਿਤ ਨਾਵਲਾਂ ਰਾਹੀਂ ਪੰਜਾਬ ਦੇ ਪੇਂਡੂ ਜੀਵਨ, ਕਿਸਾਨੀ ਸੰਕਟ, ਸੱਭਿਆਚਾਰ ਅਤੇ ਸਮਾਜਿਕ-ਰਾਜਨੀਤਿਕ ਚੇਤਨਾ ਨੂੰ ਬਾਖੂਬੀ ਉਭਾਰਿਆ। ਉਹ ਮਹਿਜ਼ ਇੱਕ ਗਲਪਕਾਰ ਨਹੀਂ ਸਨ, ਬਲਕਿ ਪੰਜਾਬੀ ਲੋਕ-ਮਾਨਸ ਦੇ ਸੱਚੇ ਤਰਜਮਾਨ ਸਨ, ਜਿਨ੍ਹਾਂ ਦੀ ਲੇਖਣੀ ਨੇ ਪੰਜਾਬ ਦੀਆਂ ਕਈ ਪੀੜ੍ਹੀਆਂ ਨੂੰ ਪ੍ਰਭਾਵਿਤ ਕੀਤਾ।

ਫਿਲਮ ਦੇਖਣ ਉਪਰੰਤ ਆਪਣੇ ਵਿਚਾਰ ਪ੍ਰਗਟ ਕਰਦਿਆਂ ਪ੍ਰਸਿੱਧ ਸ਼ਾਇਰ ਮੋਹਨ ਗਿੱਲ, ਭੁਪਿੰਦਰ ਮੱਲ੍ਹੀ, ਗੁਰਬਾਜ ਸਿੰਘ ਬਰਾੜ, ਨਿਰੰਜਨ ਸਿੰਘ ਲਹਿਲ, ਡਾ. ਰਘਬੀਰ ਸਿੰਘ ਸਿਰਜਣਾ ਅਤੇ ਸ਼ਾਇਰ ਜਸਵਿੰਦਰ ਨੇ ਇਸ ਫਿਲਮ ਦੇ ਬਿਹਤਰੀਨ ਨਿਰਮਾਣ ਲਈ ਇਸ ਦੇ ਨਿਰਦੇਸ਼ਕ ਕੁਲਜੀਤ ਸਿੰਘ ਨੂੰ ਮੁਬਾਰਕਬਾਦ ਦਿੱਤੀ।

ਬੁਲਾਰਿਆਂ ਨੇ ਜਸਵੰਤ ਸਿੰਘ ਕੰਵਲ ਨਾਲ ਜੁੜੀਆਂ ਆਪਣੀਆਂ ਨਿੱਘੀਆਂ ਯਾਦਾਂ ਸਾਂਝੀਆਂ ਕਰਦਿਆਂ ਕਿਹਾ ਕਿ ਕੰਵਲ ਸਾਹਿਬ ਨੇ ਆਪਣੇ ਨਾਵਲਾਂ ਵਿਚ ਭਰਪੂਰ ਪੇਂਡੂ ਪੰਜਾਬੀ ਸਭਿਆਚਾਰ ਨੂੰ ਸਾਕਾਰ ਕੀਤਾ ਹੈ ਅਤੇ ਉਨ੍ਹਾਂ ਦੇ ਸਾਹਿਤ ਦੀ ਅਣਹੋਂਦ ਵਿਚ ਅਸੀਂ ਪੰਜਾਬ ਦੇ ਅਸਲ ਰੂਪ, ਇਸ ਦੀ ਮਿੱਟੀ ਦੀ ਮਹਿਕ ਅਤੇ ਇਸ ਦੇ ਸੰਘਰਸ਼ਾਂ ਨੂੰ ਮੁਕੰਮਲ ਰੂਪ ਵਿਚ ਨਹੀਂ ਜਾਣ ਸਕਦੇ।




ਇਸ ਮੌਕੇ ਦਿੱਲੀ ਤੋਂ ਵਟਸਐਪ ਵੀਡੀਓ ਕਾਲ ਰਾਹੀਂ ਦਰਸ਼ਕਾਂ ਨਾਲ ਸਿੱਧੇ ਜੁੜੇ ਫਿਲਮ ਦੇ ਨਿਰਦੇਸ਼ਕ ਕੁਲਜੀਤ ਸਿੰਘ ਨੇ ਦਰਸ਼ਕਾਂ ਦੇ ਮਨਾਂ ਵਿੱਚ ਉਪਜੇ ਸਵਾਲਾਂ ਦੇ ਜਵਾਬ ਦਿੱਤੇ ਅਤੇ ਇਸ ਫਿਲਮ ਨੂੰ ਬਣਾਉਣ ਲਈ ਕੀਤੀ ਗਈ ਸਖ਼ਤ ਮਿਹਨਤ ਅਤੇ ਅਨੁਭਵ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਭਾਵੁਕ ਹੁੰਦਿਆਂ ਕਿਹਾ ਕਿ ਜਸਵੰਤ ਸਿੰਘ ਕੰਵਲ ਬਾਰੇ ਦਸਤਾਵੇਜ਼ੀ ਫਿਲਮ ਬਣਾਉਣ ਦਾ ਉਪਰਾਲਾ ਉਨ੍ਹਾਂ ਨੇ ਇਸ ਲਈ ਕੀਤਾ ਕਿ ਜਿਸ ਤਰ੍ਹਾਂ ਰਵਿੰਦਰ ਨਾਥ ਟੈਗੋਰ ਅਤੇ ਸਾਅਦਤ ਹਸਨ ਮੰਟੋ ਵਰਗੇ ਮਹਾਨ ਸਾਹਿਤਕਾਰਾਂ ਬਾਰੇ ਸਾਰੀ ਦੁਨੀਆ ਜਾਣ ਦੀ ਹੈ, ਉਸੇ ਤਰ੍ਹਾਂ ਪੰਜਾਬੀ ਦੇ ਇਸ ਅਜ਼ੀਮ ਨਾਵਲਕਾਰ ਬਾਰੇ ਵੀ ਵਿਸ਼ਵ ਪੱਧਰ ’ਤੇ ਅਜਿਹੀ ਦਸਤਾਵੇਜ਼ੀ ਬਣਨੀ ਚਾਹੀਦੀ ਹੈ ਤਾਂ ਜੋ ਦੁਨੀਆ ਭਰ ਦੇ ਸਾਹਿਤ ਪ੍ਰੇਮੀਆਂ ਨੂੰ ਉਨ੍ਹਾਂ ਦੇ ਜੀਵਨ, ਲਾਸਾਨੀ ਯੋਗਦਾਨ ਅਤੇ ਰਚਨਾਵਾਂ ਬਾਰੇ ਭਰਪੂਰ ਜਾਣਕਾਰੀ ਮਿਲ ਸਕੇ।

ਦਰਸ਼ਕਾਂ ਵਿੱਚ ਹੋਰਨਾਂ ਤੋਂ ਇਲਾਵਾ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ, ਕੰਵਲਜੀਤ ਸਿੰਘ ਮਾਨਾਂਵਾਲਾ, ਧਰਮ ਸਿੰਘ ਪਨੇਸਰ, ਮੋਤਾ ਸਿੰਘ ਝੀਤਾ, ਅੰਗਰੇਜ਼ ਬਰਾੜ, ਹਰਦਮ ਸਿੰਘ ਮਾਨ ਸਮੇਤ ਸਾਹਿਤ ਅਤੇ ਕਲਾ ਜਗਤ ਨਾਲ ਜੁੜੀਆਂ ਕਈ ਪ੍ਰਮੁੱਖ ਸ਼ਖਸੀਅਤਾਂ ਸ਼ਾਮਿਲ ਸਨ। ਸਮਾਗਮ ਦੇ ਅੰਤ ਵਿੱਚ ਨਵਲਪ੍ਰੀਤ ਰੰਗੀ ਨੇ ਪਹੁੰਚੇ ਹੋਏ ਸਾਰੇ ਮਹਿਮਾਨਾਂ ਅਤੇ ਦਰਸ਼ਕਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ।

STAR AUTOBODY




**SPECIALIZE**
- All vehicles any make or model
- Commercial Trucks, any make or model

**CERTIFIED**
- ICBC CARSHOP Valet Express Shop with certified technicians and equipment
- ICBC Claims
- Private Insurance Companies

**SERVICE**
Open Monday-Saturday - 8:30AM - 5 PM
- Courtesy Cars
- Vehicle pick-up and drop-off

*We handle private insurance claims:*
family INSURANCE
intact INSURANCE
economical INSURANCE

**604-597-5151**
*8277-124th St., Surrey, BC V3W 9G2*
*Ph: 604-597-5151 / Fax: 604-597-5195*
*www.startautobody.net*


Pure for Sure
Prabu
www.prabufoods.com
7035 128 St #106, Surrey, BC V3W 4E1

# WALKER HOUSE



NOW SELLING

## NORTH DELTA'S FLAGSHIP HIGH-RISE COMMUNITY

Soaring 29-storeys above North Delta's skyline, Walker House offers 17,000 SF of amenities and unobstructed sweeping vistas of the Fraser River, North Shore Mountains and urban landscape.

**Starting from the mid $400s. Parking included.**

BOOK A PRIVATE VIEWING

WalkerHouseDelta.com

BMG REAL ESTATE
BUILDING COMMUNITIES

MARKETING BY
rennie

This is not an offering for sale. Any such offering can only be made with a disclosure statement. Prices are subject to change without notice. The developer reserves the right to make changes and modifications to the information contained herein without prior notice. Artist's renderings are representations only and may not be accurate. E.&O.E.

# ਹਸਾਉਣ ਵਾਲੇ ਘੁੱਗੀ ਹੁਣ ਵੱਖਰੇ ਅੰਦਾਜ ’ਚ ਹੋਣਗੇ ਰੂਬਰੂ



ਪਾਲੀਵੁੱਡ ਦੇ ਦਿੱਗਜ ਅਦਾਕਾਰ ਗੁਰਪ੍ਰੀਤ ਘੁੱਗੀ ਹੁਣ ਇੱਕ ਅਜਿਹੇ ਅੰਦਾਜ਼ ਵਿੱਚ ਨਜ਼ਰ ਆਉਣ ਵਾਲੇ ਹਨ, ਜਿਸ ਦੀ ਕਿਸੇ ਨੇ ਕਲਪਨਾ ਵੀ ਨਹੀਂ ਸੀ ਕੀਤੀ। ਹਮੇਸ਼ਾ ਆਪਣੀ ਕਾਮੇਡੀ ਨਾਲ ਸਭ ਨੂੰ ਹਸਾਉਣ ਵਾਲੇ ਘੁੱਗੀ ਹੁਣ ਤੁਹਾਨੂੰ ਸੋਚਣ ਅਤੇ ਸਸਪੈਂਸ ਵਿੱਚ ਪਾਉਣ ਲਈ ਬਿਲਕੁਲ ਤਿਆਰ ਹਨ। ਉਨ੍ਹਾਂ ਦੀ ਨਵੀਂ ਪੰਜਾਬੀ ਵੈੱਬ ਸੀਰੀਜ਼ ‘ਟੌਪ ਕੌਪ’ ਰਿਲੀਜ਼ ਲਈ ਪੂਰੀ ਤਰ੍ਹਾਂ ਤਿਆਰ ਹੈ, ਜਿੱਥੇ ਉਹ ਇੱਕ ਬਿਲਕੁਲ ਨਵੇਂ ਅਤੇ ਅਲੱਗ ਅਵਤਾਰ ਵਿੱਚ ਦਰਸ਼ਕਾਂ ਦੇ ਸਨਮੁੱਖ ਹੋਣਗੇ

ਜੇਕਰ ਗੁਰਪ੍ਰੀਤ ਘੁੱਗੀ ਦੇ ਕਿਰਦਾਰ ਦੀ ਗੱਲ ਕਰੀਏ, ਤਾਂ ਇਸ ਵਾਰ ਉਹ ਕਿਸੇ ਹਾਸੋਹੀਣੇ ਰੋਲ ਵਿੱਚ ਨਹੀਂ, ਬਲਕਿ ਇੱਕ ਰਫ-ਟਫ ਇਨਵੈਸਟੀਗੇਸ਼ਨ ਅਧਿਕਾਰੀ ਦੇ ਮੁੱਖ ਕਿਰਦਾਰ ਵਿੱਚ ਨਜ਼ਰ ਆਉਣਗੇ। ਆਪਣੇ ਲੰਬੇ ਅਤੇ ਸ਼ਾਨਦਾਰ ਅਦਾਕਾਰੀ ਸਫ਼ਰ ਦੌਰਾਨ ਘੁੱਗੀ ਨੇ ਪਹਿਲੀ ਵਾਰ ਅਜਿਹਾ ਗੰਭੀਰ ਅਤੇ ਦਮਦਾਰ ਕਿਰਦਾਰ ਨਿਭਾਇਆ ਹੈ। ਇੱਕ ਅਜਿਹਾ ਅਫ਼ਸਰ ਜੋ ਕੇਸਾਂ ਦੀਆਂ ਗੁੰਝਲਾਂ ਨੂੰ ਸੁਲਝਾਉਂਦਾ ਹੈ ਅਤੇ ਜੁਰਮ ਦੀ ਦੁਨੀਆ ਨੂੰ ਹਿਲਾ ਕੇ ਰੱਖ ਦਿੰਦਾ ਹੈ। ਉਨ੍ਹਾਂ ਦਾ ਇਹ ਅੰਦਾਜ਼ ਉਨ੍ਹਾਂ ਦੇ ਪ੍ਰਸ਼ੰਸਕਾਂ ਲਈ ਇੱਕ ਵੱਡਾ ਸਰਪ੍ਰਾਈਜ਼ ਹੋਣ ਵਾਲਾ ਹੈ, ਜੋ ਘੁੱਗੀ ਦੇ ਕਰੀਅਰ ਨੂੰ ਇੱਕ ਬਦਲਵੀਂ ਅਤੇ ਨਵੀਂ ਦਿਸ਼ਾ ਦੇਵੇਗਾ।

ਗੁਰਪ੍ਰੀਤ ਘੁੱਗੀ ਇੱਕ ਵੱਡੇ ਵਿਵਾਦ ਵਿੱਚ ਘਿਰ ਗਏ ਸਨ, ਪਰ ਇੱਕ ਸੱਚੇ ਕਲਾਕਾਰ ਦੀ ਤਰ੍ਹਾਂ, ਉਨ੍ਹਾਂ ਨੇ ਇਸ ਮਾਮਲੇ ਤੋਂ ਉਭਰਦੇ ਹੋਏ ਪੰਜਾਬੀ ਫ਼ਿਲਮ ਉਦਯੋਗ ਵਿੱਚ ਆਪਣੀ ਕਾਰਜਸ਼ੀਲਤਾ ਨੂੰ ਹੋਰ ਵਧਾ ਦਿੱਤਾ ਹੈ। ਇਸ ਵਾਰ ਉਹ OTT ਗਲਿਆਰਿਆਂ ਵਿੱਚ ਆਪਣੀ ਨਵੀਂ ਸ਼ੁਰੂਆਤ ਕਰਨ ਜਾ ਰਹੇ ਹਨ। ‘ਡੈੱਕ ਸਟੂਡੀਓਜ਼’ ਦੇ ਬੈਨਰ ਹੇਠ ਬਣੀ ਇਸ ਸੀਰੀਜ਼ ਨੂੰ ਨਿਰਮਾਤਾ ਜਸਕਰਨ ਸਿੰਘ ਨੇ ਇੱਕ ਬਿੱਗ ਸੈਟਅੱਪ ਅਤੇ ਬਹੁਤ ਵੱਡੇ ਪੱਧਰ ‘ਤੇ ਤਿਆਰ ਕੀਤਾ ਹੈ, ਜਿਸ ਨਾਲ ਘੁੱਗੀ ਦੇ ਕਿਰਦਾਰ ਨੂੰ ਹੋਰ ਵੀ ਸ਼ਾਨਦਾਰ ਤਰੀਕੇ ਨਾਲ ਪੇਸ਼ ਕੀਤਾ ਜਾ ਸਕੇ।

ਇਸ ਬਿਹਤਰੀਨ ਸੀਰੀਜ਼ ਦਾ ਨਿਰਦੇਸ਼ਨ ਗੁਰਲਵ ਸਿੰਘ ਰਟੌਲ ਵੱਲੋਂ ਕੀਤਾ ਹੈ, ਜੋ ਇਸ ਪ੍ਰੋਜੈਕਟ ਨਾਲ ਪਾਲੀਵੁੱਡ ਵਿੱਚ ਇੱਕ ਨਵੇਂ ਅਤੇ ਪ੍ਰਭਾਵਸ਼ਾਲੀ ਸਫ਼ਰ ਦਾ ਅਗਾਜ਼ ਕਰ ਰਹੇ ਹਨ। ਜੇਕਰ ਬਾਕੀ ਕਲਾਕਾਰਾਂ ਦੀ ਗੱਲ ਕਰੀਏ ਤਾਂ ਇਸ ਵਿੱਚ ਕਿਸ਼ਵਰ, ਗੁਨਵੀਨ ਮਨਚੰਦਾ, ਬਿਨੈ ਮਨਚੰਦਾ, ਸੁਖਵਿੰਦਰ ਰਾਜ ਬੁੱਟਰ ਅਤੇ ਗੁਰਪ੍ਰੀਤ ਤੋਤੀ ਵਰਗੇ ਕਈ ਦਿੱਗਜ ਕਲਾਕਾਰ ਅਹਿਮ ਭੂਮਿਕਾਵਾਂ ਵਿੱਚ ਨਜ਼ਰ ਆਉਣਗੇ। ਪਰ ਸਭ ਦੀਆਂ ਨਜ਼ਰਾਂ ਸਿਰਫ਼ ਤੇ ਸਿਰਫ਼ ਗੁਰਪ੍ਰੀਤ ਘੁੱਗੀ ਦੇ ਇਸ ਨਵੇਂ ਤੇ ਵੱਖਰੇ ਅਵਤਾਰ ‘ਤੇ ਹੀ ਟਿਕੀਆਂ ਰਹਿਣਗੀਆਂ।

# ਟੋਰਾਂਟੋ ’ਚ ਦਿਲਜੀਤ ਦੇ ਸ਼ੋਅ ਚ ਝੰਡੇ ਲੈ ਕੇ ਵੜ ਆਏ ਪ੍ਰਦਰਸ਼ਨਕਾਰੀ !



ਕੈਨੇਡਾ ਦੇ ਟੋਰਾਂਟੋ ਸ਼ਹਿਰ ‘ਚ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਦੇ ਲਾਈਵ ਕੰਸਰਟ ਦੌਰਾਨ ਉਸ ਵੇਲੇ ਹੰਗਾਮਾ ਹੋ ਗਿਆ, ਜਦੋਂ ਕੁਝ ਸ਼ਰਾਰਤੀ ਅਨਸਰ ਸ਼ੋਅ ਦੇ ਅੰਦਰ ਖ਼ਾਲਿਸਤਾਨੀ ਝੰਡੇ ਲੈ ਕੇ ਪਹੁੰਚ ਗਏ। ਮੌਕੇ ‘ਤੇ ਮੌਜੂਦ ਕੈਨੇਡੀਅਨ ਪੁਲਸ ਅਤੇ ਸੁਰੱਖਿਆ ਕਰਮਚਾਰੀਆਂ ਨੇ ਸਖ਼ਤ ਰੁਖ਼ ਅਪਣਾਉਂਦਿਆਂ ਹੰਗਾਮਾ ਕਰਨ ਵਾਲੇ ਪ੍ਰਦਰਸ਼ਨਕਾਰੀਆਂ ਨੂੰ ਭੀੜ ‘ਚੋਂ ਖਿੱਚ-ਖਿੱਚ ਕੇ ਬਾਹਰ ਕੱਢ ਦਿੱਤਾ। ਇਸ ਪੂਰੀ ਘਟਨਾ ਦੀਆਂ ਕਈ ਵੀਡੀਓਜ਼ ਸੋਸ਼ਲ ਮੀਡੀਆ ‘ਤੇ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ।

ਸੋਸ਼ਲ ਮੀਡੀਆ ਰਿਪੋਰਟਾਂ ਮੁਤਾਬਕ, ਦਿਲਜੀਤ ਦੋਸਾਂਝ ਦੇ ਇਸ ਕੰਸਰਟ ‘ਚ ਹਜ਼ਾਰਾਂ ਦੀ ਗਿਣਤੀ ਵਿੱਚ ਦਿਲਜੀਤ ਦੇ ਫੈਨਜ਼ ਪਹੁੰਚੇ ਹੋਏ ਸਨ। ਸ਼ੋਅ ਦੌਰਾਨ ਜਦੋਂ ਸਾਰੇ ਗੀਤਾਂ ਦਾ ਆਨੰਦ ਮਾਣ ਰਹੇ ਸਨ, ਤਾਂ ਕੁਝ ਨੌਜਵਾਨਾਂ ਨੇ ਅਚਾਨਕ ਖ਼ਾਲਿਸਤਾਨੀ ਝੰਡੇ ਲਹਿਰਾਉਣੇ ਅਤੇ ਨਾਅਰੇਬਾਜ਼ੀ ਕਰਨੀ ਸ਼ੁਰੂ ਕਰ ਦਿੱਤੀ, ਜਿਸ ਦਾ ਸ਼ੋਅ ਦੇਖਣ ਆਏ ਦਰਸ਼ਕਾਂ ਨੇ ਤਿੱਖਾ ਵਿਰੋਧ ਕੀਤਾ।

ਮਾਹੌਲ ਖ਼ਰਾਬ ਹੁੰਦਾ ਦੇਖ ਸਟੇਡੀਅਮ ਦੀ ਸੁਰੱਖਿਆ ਟੀਮ ਅਤੇ ਸਥਾਨਕ ਪੁਲਸ ਤੁਰੰਤ ਹਰਕਤ ਵਿੱਚ ਆ ਗਈ। ਵਾਇਰਲ ਵੀਡੀਓਜ਼ ਵਿੱਚ ਸਾਫ਼ ਦੇਖਿਆ ਜਾ ਸਕਦਾ ਹੈ ਕਿ ਪੁਲਸ ਮੁਲਾਜ਼ਮਾਂ ਨੇ ਹੰਗਾਮਾ ਕਰ ਰਹੇ ਪ੍ਰਦਰਸ਼ਨਕਾਰੀਆਂ ਨੂੰ ਦਬੋਚ ਲਿਆ। ਪੁਲਸ ਉਨ੍ਹਾਂ ਨੂੰ ਬਿਨਾਂ ਕੋਈ ਮੌਕਾ ਦਿੱਤੇ ਭੀੜ ‘ਚੋਂ ਘੜੀਸਦੇ ਹੋਏ ਅਤੇ ਧੱਕੇ ਮਾਰ ਕੇ ਸਟੇਡੀਅਮ ਤੋਂ ਬਾਹਰ ਲੈ ਗਈ। ਰਿਪੋਰਟਾਂ ਮੁਤਾਬਕ, ਸ਼ੋਅ ਦੀ ਮੈਨੇਜਮੈਂਟ ਨੇ ਪਹਿਲਾਂ ਹੀ ਸਾਫ਼ ਹਦਾਇਤਾਂ ਦਿੱਤੀਆਂ ਹੋਈਆਂ ਸਨ ਕਿ ਸ਼ੋਅ ਦੌਰਾਨ ਕੋਈ ਵੀ ਸਿਆਸੀ ਪ੍ਰਚਾਰ ਜਾਂ ਇਤਰਾਜ਼ਯੋਗ ਸਮੱਗਰੀ ਲਿਜਾਣ ਦੀ ਇਜਾਜ਼ਤ ਨਹੀਂ ਹੋਵੇਗੀ।

ਬੀਤੇ ਸਮੇਂ ਵੱਲ ਨਜ਼ਰ ਮਾਰੀਏ ਤਾਂ ਕੈਨੇਡਾ ਵਿੱਚ ਪੰਜਾਬੀ ਕਲਾਕਾਰਾਂ ਦੇ ਸ਼ੋਅਜ਼ ਦੌਰਾਨ ਅਜਿਹੀ ਸਿਆਸੀ ਨਾਅਰੇਬਾਜ਼ੀ ਜਾਂ ਝੰਡੇ ਲਹਿਰਾਉਣ ਦੀ ਕੋਸ਼ਿਸ਼ ਕੋਈ ਪਹਿਲੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਦਿਲਜੀਤ ਸਣੇ ਕਈ ਨਾਮੀ ਕਲਾਕਾਰਾਂ ਦੇ ਪ੍ਰੋਗਰਾਮਾਂ ਵਿੱਚ ਖ਼ਾਲਿਸਤਾਨੀ ਸਮਰਥਕਾਂ ਵੱਲੋਂ ਮਾਹੌਲ ਖ਼ਰਾਬ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਚੁੱਕੀਆਂ ਹਨ। ਪਰ ਇਸ ਵਾਰ, ਕੈਨੇਡੀਅਨ ਪੁਲਸ ਵੱਲੋਂ ਦਿਖਾਈ ਗਈ ਇਸ

# ਬਾਲੀਵੁੱਡ

## ਪੰਜਾਬੀ ਫਿਲਮਾਂ ਦੀ ਰਾਣੀ ਬਣੀ ਰਾਜ ਧਾਲੀਵਾਲ



ਗ਼ੈਰ ਅਦਾਕਾਰੀ ਪਿਛੋਕੜ ਵਾਲੇ ਪੰਜਾਬੀ ਪਰਿਵਾਰ ਦੀ ਪੇਂਡੂ ਅਤੇ ਸਾਧਾਰਨ ਕੁੜੀ ਰਾਜ ਧਾਲੀਵਾਲ ਨੂੰ ਚਿੱਤ ਚੇਤਾ ਵੀ ਨਹੀਂ ਸੀ ਕਿ ਉਹ ਇਕ ਪੰਜਾਬੀ ਫਿਲਮੀ ਪਿੜ ਦੀ ਸੁਪ੍ਰਸਿੱਧ ਕਲਾਕਾਰ ਬਣ ਜਾਵੇਗੀ। ਉਸ ਦੇ ਜੀਵਨ ਸਾਥੀ ਨਿਰਭੈ ਧਾਲੀਵਾਲ ਨੇ ਉਸ ਨੂੰ ਅਜਿਹਾ ਤਰਾਸ਼ਿਆ ਕਿ ਉਹ ਅੱਜ ਪੰਜਾਬੀ ਫਿਲਮ ਇੰਡਸਟਰੀ ਦੀ ਸਿਰਕੱਢ ਅਦਾਕਾਰਾ ਹੈ।

ਪੌਲੀਵੁੱਡ ਦੀ ਇਸ ਅਭਿਨੇਤਰੀ ਦਾ ਪੂਰਾ ਨਾਮ ਰਾਜਿੰਦਰ ਕੌਰ ਰੈਹਲ ਹੈ। ਉਸ ਦਾ ਜਨਮ 10 ਦਸੰਬਰ 1979 ਨੂੰ ਪਿੰਡ ਦਰਗਾਪੁਰ, ਜ਼ਿਲ੍ਹਾ ਪਟਿਆਲਾ ਵਿਖੇ ਹੋਇਆ। ਉਸ ਨੇ ਮੁੱਢਲੇ ਕੁਝ ਸਾਲਾਂ ਵਿੱਚ ਸਰਕਾਰੀ ਅਧਿਆਪਕਾ ਵਜੋਂ ਨੌਕਰੀ ਵੀ ਕੀਤੀ। ਨਾਭਾ ਡਾਇਟ ਵਿੱਚ ਪੜ੍ਹਦਿਆਂ ਉਸ ਦਾ ਮਿਲਾਪ ਨਾਲ ਪੜ੍ਹਦੇ ਅਤੇ ਨਾਟਕ ਵਿੱਚ ਅਦਾਕਾਰੀ ਦਿਖਾਉਣ ਵਾਲੇ ਨਿਰਭੈ ਸਿੰਘ ਧਾਲੀਵਾਲ ਨਾਲ ਹੋਇਆ। ਸਿੱਖਿਆ ਵਿਭਾਗ ਵਿੱਚ ਸਰਕਾਰੀ ਨੌਕਰੀ ਵਿੱਚ ਆਉਣ ’ਤੇ ਉਹ ਦੋਵੇਂ ਸਾਲ 2000 ਵਿੱਚ ਵਿਆਹ ਦੇ ਬੰਧਨ ਵਿੱਚ ਬੱਝ ਗਏ।

ਅਦਾਕਾਰੀ ਵਿੱਚ ਉਸ ਦਾ ਪ੍ਰਵੇਸ਼ ਸਬੱਬੀਂ ਹੋਇਆ ਸੀ। ਉਸ ਦਾ ਜੀਵਨ ਸਾਥੀ ਪਹਿਲਾਂ ਹੀ ਨਾਟਕਾਂ ਵਿੱਚ ਅਦਾਕਾਰੀ ਕਰਦਾ ਸੀ। ਬੇਟੇ ਦੇ ਜਨਮ ਕਾਰਨ ਉਹ ਛੁੱਟੀ ’ਤੇ ਚੱਲ ਰਹੀ ਸੀ ਤਾਂ ਇੱਕ ਦਿਨ ਨਾਟਕ ਦੀ ਟੀਮ ਦੀ ਮਹਿਲਾ ਕਲਾਕਾਰ ਕਿਸੇ ਕਾਰਨ ਨਾਟਕ ਵਿੱਚ ਸ਼ਾਮਲ ਹੋਣ ਤੋਂ ਮਨ੍ਹਾ ਕਰ ਗਈ। ਨਤੀਜੇ ਵਜੋਂ ਉਸ ਦਾ ਪਤੀ ਉਸ ਨੂੰ ਨਾਟਕ ਵਿੱਚ ਕਿਰਦਾਰ ਨਿਭਾਉਣ ਲਈ ਲੈ ਗਿਆ।

ਲਗਾਤਾਰ ਨਾਟਕਾਂ ਵਿੱਚ ਕੰਮ ਕਰਨ ਨਾਲ ਉਸ ਦੀ ਅਦਾਕਾਰੀ ਵਿੱਚ ਜਿੱਥੇ ਨਿਖਾਰ ਆਉਂਦਾ ਗਿਆ, ਉੱਥੇ ਉਸ ਦੀ ਅਦਾਕਾਰੀ ਦਰਸ਼ਕਾਂ ਦੇ ਮਨਾਂ ’ਤੇ ਛਾਪ ਛੱਡਣ ਵਿੱਚ ਕਾਮਯਾਬ ਹੋ ਗਈ। ਉਸ ਨੇ ਆਪਣੇ ਪਤੀ ਦੀ ਨਿਰਦੇਸ਼ਨਾ ਹੇਠ ਖੇਡੇ ਨਾਟਕਾਂ ਦੇ ਨਾਲ ਨਾਲ 2002 ਤੋਂ 2017 ਤੱਕ ਅਦਾਕਾਰੀ ਦੀਆਂ ਬਾਰੀਕੀਆਂ ਵੀ ਜਾਣੀਆਂ।

ਉਸ ਦੇ ਫਿਲਮੀ ਕਰੀਅਰ ਦੀ ਸ਼ੁਰੂਆਤ 2009 ਵਿੱਚ ਹਰਭਜਨ ਮਾਨ ਦੀ ਫਿਲਮ ‘ਹੀਰ ਰਾਂਝਾ’ ਤੋਂ ਹੋਈ। ਉਸ ਨੇ ਫਿਰ ਪਿੱਛੇ ਮੁੜ ਕੇ ਨਹੀਂ ਦੇਖਿਆ। ਹੁਣ ਤੱਕ ਉਹ ‘ਦਾਣਾ ਪਾਣੀ’, ‘ਪ੍ਰਾਹੁਣਾ’, ‘ਕਿਸਮਤ’, ‘ਅਰਦਾਸ’, ‘ਬੇਲਾਰੂਸ’, ‘ਗੇਲੋ’, ‘ਨਾਬਰ’, ‘ਸਾਵੀ’, ‘ਮੁੰਡਿਆਂ ਤੋਂ ਬਚ ਕੇ ਰਹੀਂ’, ‘ਕੌਮ ਦੇ ਹੀਰੇ’, ‘ਸੰਗਰਾਂਦ’, ‘ਪਾਣੀ ’ਚ ਮਧਾਣੀ’, ‘ਚੱਲ ਮੇਰਾ ਪੁੱਤ’, ‘ਮੁੰਡਾ ਹੀ ਚਾਹੀਦਾ’ ਆਦਿ ਤੋਂ ਇਲਾਵਾ 150 ਦੇ ਕਰੀਬ ਪੰਜਾਬੀ ਫਿਲਮਾਂ ਵਿੱਚ ਆਪਣੀ ਅਦਾਕਾਰੀ ਦੇ ਜਲਵੇ ਬਿਖੇਰ ਚੁੱਕੀ ਹੈ।

ਉਸ ਨੇ ਵੈੱਬ ਸੀਰੀਜ਼ ‘ਚੰਡੀਗੜ੍ਹ ਵਾਲੇ’ ਅਤੇ ‘ਯਾਰ ਜਿਗਰੀ ਕਸੂਤੀ ਡਿਗਰੀ’ ਵਿੱਚ ਵੀ ਆਪਣੀ ਕਲਾ ਦੇ ਜੌਹਰ ਦਿਖਾਏ ਹਨ। ਉਸ ਦਾ ਕਹਿਣਾ ਹੈ ਕਿ ਦਰਸ਼ਕਾਂ ਦਾ ਪਿਆਰ ਅਦਾਕਾਰ ਲਈ ਟੌਨਿਕ ਦਾ ਕੰਮ ਕਰਦਾ ਹੈ। ਉਹ ਪਫਟਾ ਅਤੇ ਪੰਜਾਬੀ ਫਿਲਮ ਟੀਵੀ ਆਰਟਿਸਟ ਸੰਸਥਾ ਦੀ ਸਰਗਰਮ ਸੀਨੀਅਰ ਮੈਂਬਰ ਵੀ ਹੈ।

# Dr. Dhanju

## We'll take care of your Teeth



| General | Cosmetic | Surgical | High-Tech Exam |
|---|---|---|---|
| Exams/Cleaning | Teeth Whitening | Wisdom Teeth | Dignodent |
| Dental Sealants | Veneers | Implants | Digital X-Rays |
| Root Canals | Smile Design | | Intra-Oral Camera |
| Crowns/Caps | | | |
| Duentures | | | |
| Gum Disease | | | |

| SURREY | SURREY | RICHMOND | SURREY |
|---|---|---|---|
| 206 - 15230 56 Ave (HWY 10), 604-200-3993 | 7126 King George Blvd, 604.591.8999 | Suite 1946 6060 Minoru Blvd. Inside Richmond Centre (Close to Shoppers Drug Mart) 604.276.2442 | Suite 300 15850 24th Ave. 604.536.2700 |

Vol. 20, Issue: 23

Friday, JUNE 05, 2026

# REALTY CLASSIFIEDS

W: www.realtyclassifieds.ca | E: design@swmediagroup.ca | Ph: 604-312-5678,

## Toronto-Area Home Sales Rise 6% in May Despite Lower Prices

The Greater Toronto Area (GTA) housing market recorded its third consecutive month of year-over-year sales growth in May, signaling improving buyer activity even as home prices continued to decline.

According to the Toronto Regional Real Estate Board (TRREB), a total of 6,583 residential properties were sold across the GTA in May 2026, representing a 6.3 percent increase compared with the same month last year. On a seasonally adjusted basis, home sales also rose by 10 percent from April, reflecting growing momentum in the region's real estate market.

Despite the increase in transactions, home prices remained lower than a year ago. The average selling price across the GTA fell 4.6 percent year-over-year to $1,069,700. Meanwhile, the composite benchmark price, which is designed to represent the value of a typical home in the market, declined by 6.7 percent compared with May 2025.

Industry experts suggest that current market conditions continue to favor buyers. TRREB Chief Information Officer Jason Mercer noted that purchasers still have significant negotiating power due to available inventory and softer pricing trends.

However, he indicated that prices could begin to stabilize and potentially rise later in the year if sales activity continues to strengthen relative to the number of homes available for sale. The supply side of the market also showed notable changes in May. New listings entering the market dropped significantly, with 17,698 properties listed for sale during the month, marking an 18.9 percent decrease compared with the previous year. The decline in new listings contributed to a tightening market environment, as fewer properties became available for prospective buyers.


Lifestyle
REAL ESTATE GROUP




11649 Summit Cres.

3800+ sqft 5 bdrm home on a gorgeous 12000+ sqft lot with cement pool & hot tub!




#61-32959 George Ferguson

Spacious, bright, updated 2 bdrm upper END unit in Oakhurst Park




#17 - 19932 - 70 Ave

Spacious corner unit. 3 bdrm, 3.5 bath townhome in sought after complex!




8554 - 109B Street

Charming 3 bdrm, 2 full bath rancher set on a private 7260 sqft fully fenced lot!




#205 - 7139 - 133A St.

Afforable and beautifully updated 3 bdrm, 2 bath townhome in Suncreek!




12010 - 265A Street

1.5 acre ultimate multi generational estate property in Forest Hills!



Tom Edwards
Personal Real Estate Corporation
604-341-6884
tom@northdeltahomes.com
www.northdeltahomes.com
www.lifestylerealestategroup.ca
@tomedwardsremax

REMAX

Lifestyle
REAL ESTATE GROUP



# HARMINDER S. PATTAR PREC

COLDWELL BANKER UNIVERSE REALTY

## 604-377-2854

**BUILDERS OR INVESTOR ALERT!**

**I have BIG Chinese Investors, they are looking for Investment in Multi-family Townhouses and Hotel sites. Call for more details.**



PRIME LOCATION Well kept over 3700 sq ft house with 4 bedrooms,2 Bathroom , family Room , kitchen big covered sundeck on side upstairs .. (2+1) bedroom 2 suits & recroom with washroom in basement.. sitting on 7200 sq ft lot .. Near 124 & 82 Ave

For more info pls call

**COMMERCIAL PLAZA FOR SALE 2638-2640 CEDAR PARK PLACE, ABBOTSFORD**



THIS IS A FULLY LEASED WITH 10 SEPARATELY LEASED RETAIL. COMMERCIAL PROPERTY SITUATED IN THE HEART OF ABBOTSFORD.. IT IS LOCATED JUST TWO BLOCK FROM CITY HALL CORNER OF SOUTH FRASER WAY AD CEDAR PARK PLACE. ITS OVER 17000 SQ FT BUILDING SITUATED ON OVER 13000 SQ FT LOT AREA, ITS HIGH VISIBLE PROMINENT WITH LARGE FRONTAGE.

**$6,699,000**

**5942 LAUREL ST VANCOUVER**




WELL KEPT OLD HOUSE WITH 6800 sq FT LOT OVER 3000 SQ FT HIUSE ,5bed ROOM , 4 Bathrooms ON QUEITE ST ,, build DUPLX GOOD HOLDING PROPERTY ASKING 3.1 ML MORE INFORMATION PLS CALL

**$2,945,000**

**1035 23200 GILLEY ROAD**




This brand-new 989 sqft commercial space located in Hamilton Village West. This provides best opportunity for those who wants to start their career. This unit is newly built and is ready to move in. Enjoy easy access for your clientele with recessed curb parking in front of the store, 30 at grade parking stalls plus 50 in the building's parkade. Situated on the ground floor of the brand new 130-unit condominium development in a fast growing Richmond hub, don't miss this opportunity to be at the

**$799,999**

**#45 12036 66 AVE, SURREY $799,000**



Discover this beautiful , bright and spacious 3-bedroom, 2.5-bathroom townhome in a highly desirable central location.The home features a spacious west-facing sundeck, perfect for soaking in the afternoon sun or enjoying evening relaxation.The double tandem garage offers convenient parking andextra storage. With public transit just steps away on scott road, commuting is a breeze.Families will love the proximity to top-rated schools, ensuringexcellent education options. You'll also find a variety of shopping, dining, and entertainment options nearby, making this home a perfect blend of convenience and comfort.

**$799,000**


THE PUBLISHED INFORMATION IS FROM RELIABLE SOURCES BUT SHOULD NOT BE RELIED UPON WITHOUT VERIFICATION. REALTY CLASSIFIEDS ASSUME NO RESPONSIBILITY FOR ITS ACCURACY. PLEASE CONTACT YOUR LOCAL REALTOR FOR FURTHER VERIFICATION AND DETAILS. THANK YOU.

# ਟਰੰਪ ਪ੍ਰਸ਼ਾਸਨ ਵਲੋਂ ਗ੍ਰੀਨ ਕਾਰਡ ਸੰਬੰਧੀ ਨਵੇਂ ਦਿਸ਼ਾ-ਨਿਰਦੇਸ਼ ਜਾਰੀ



**ਸਾਨ ਫਰਾਂਸਿਸਕੋ:** ਇਕ ਹਾਲੀਆ ਜਾਣਕਾਰੀ ਅਨੁਸਾਰ ਟਰੰਪ ਪ੍ਰਸ਼ਾਸਨ ਨੇ ਆਪਣੇ ਐਲਾਨ ਨੂੰ ਭਾਵੇਂ ਵਾਪਸ ਤਾਂ ਪੂਰੀ ਤਰਾਂ ਨਹੀਂ ਲਿਆ ਪਰ ਇਹ ਜ਼ਰੂਰ ਸਪਸ਼ਟ ਕੀਤਾ ਹੈ ਕਿ ਸਥਾਈ ਅਮਰੀਕੀ ਨਿਵਾਸ, ਜਿਸਨੂੰ ਆਮ ਤੂਰ 'ਤੇ ਗ੍ਰੀਨ ਕਾਰਡ ਕਿਹਾ ਜਾਂਦਾ ਹੈ, ਦੀ ਮੰਗ ਕਰਨ ਵਾਲੇ ਸਾਰੇ ਗੈਰ-ਨਾਗਰਿਕਾਂ ਨੂੰ ਅਰਜ਼ੀ ਦੇਣ ਲਈ ਆਪਣੇ ਦੇਸ਼ ਵਾਪਸ ਜਾਣ ਦੀ ਜ਼ਰੂਰਤ ਨਹੀਂ ਹੋਵੇਗੀ। ਗ੍ਰਹਿ ਸੁਰੱਖਿਆ ਵਿਭਾਗ (ਡੀ.ਐਚ. ਐਸ.) ਅਨੁਸਾਰ ਪਿਛਲੇ ਹਫ਼ਤੇ ਕੀਤੀ ਗਈ ਨਵੀਂ ਘੋਸ਼ਣਾ ਸਾਰੇ ਬਿਨੈਕਾਰਾਂ 'ਤੇ ਲਾਗੂ ਨਹੀ ਹੋਵੇਗੀ ਸਗੋਂ ਇਹ ਵੱਖ-ਵੱਖ ਕੇਸਾਂ ਲਈ ਅਲੱਗ-ਅਲੱਗ ਹੋਵੇਗੀ। ਟਰੰਪ ਪ੍ਰਸ਼ਾਸਨ ਦੇ ਬੁਲਾਰੇ, ਜ਼ੈਕ ਕਾਹਲਰ ਨੇ ਲੰਘੀ 22 ਮਈ ਨੂੰ ਕਿਹਾ ਸੀ ਕਿ ਹੁਣ ਇੱਕ ਪਰਦੇਸੀ ਜੋ ਅਸਥਾਈ ਤੌਰ 'ਤੇ ਅਮਰੀਕਾ 'ਚ ਹੈ ਤੇ ਗ੍ਰੀਨ ਕਾਰਡ ਚਾਹੁੰਦਾ ਹੈ, ਨੂੰ ਅਰਜ਼ੀ ਦੇਣ ਲਈ ਆਪਣੇ ਦੇਸ਼ ਵਾਪਸ ਜਾਣਾ ਪਵੇਗਾ। ਇਸ ਐਲਾਨ ਨੂੰ ਅਮਰੀਕੀ ਨੀਤੀ ਵਿਚ ਇਕ ਵੱਡੀ ਤਬਦੀਲੀ ਵਜੋਂ ਦੇਖਿਆ ਗਿਆ ਸੀ ਤੇ ਸਥਾਈ ਅਮਰੀਕੀ ਨਿਵਾਸੀ ਬਣਨ ਦੀ ਇੱਛਾ ਰੱਖਣ ਵਾਲੇ ਲੱਖਾਂ ਪ੍ਰਵਾਸੀਆਂ 'ਚ ਵੱਡੀ ਚਿੰਤਾ ਪੈਦਾ ਹੋ ਗਈ ਸੀ। ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਲੱਖਾਂ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਬਾਹਰ ਕੱਢਣ ਦੇ ਵਾਅਦੇ 'ਤੇ ਵਾਈਟ ਹਾਊਸ ਵਲੋਂ ਚਲਾਈ ਮੁਹਿੰਮ ਤਹਿਤ ਕਈ ਕਾਨੂੰਨੀ ਰਸਤੇ ਵੀ ਬੰਦ ਕਰ ਦਿੱਤੇ ਗਏ ਹਨ ਤੇ ਕਿਹਾ ਗਿਆ ਸੀ ਕਿ ਅਮਰੀਕੀ ਗ੍ਰੀਨ ਕਾਰਡ ਮੰਗਣ ਵਾਲਿਆਂ ਨੂੰ ਹੁਣ ਘਰੇਲੂ ਦੇਸ਼ਾਂ ਤੋਂ ਅਰਜ਼ੀ ਦੇਣੀ ਪਵੇਗੀ।

ਅਮਰੀਕੀ ਇਮੀਗ੍ਰੇਸ਼ਨ ਕੌਂਸਲ ਅਨੁਸਾਰ ਅਮਰੀਕਾ ਹਰ ਸਾਲ 10 ਲੱਖ ਤੋਂ ਵੱਧ ਗ੍ਰੀਨ ਕਾਰਡ ਦਿੰਦਾ ਹੈ ਤੇ ਹੁਣ ਤੱਕ, ਅੱਧੇ ਤੋਂ ਵੱਧ ਬਿਨੈਕਾਰ ਪਹਿਲਾਂ ਹੀ ਅਮਰੀਕਾ 'ਚ ਰਹਿ ਰਹੇ ਹੁੰਦੇ ਹਨ।

ਇਕ ਸਮਰੱਥ ਅਮਰੀਕੀ ਅਧਿਕਾਰੀ ਨੇ ਅੱਜ ਦੱਸਿਆ ਕਿ ਇਹ ਨੀਤੀ ਕਿਸੇ ਵੀ ਪਰਦੇਸੀ ਨੂੰ ਗ੍ਰੀਨ ਕਾਰਡ ਪ੍ਰਾਪਤ ਕਰਨ ਤੋਂ ਨਹੀਂ ਰੋਕੇਗੀ, ਜੋ ਜਾਇਜ਼ ਤੇ ਸਹੀ ਢੰਗ ਨਾਲ ਯੋਗਤਾ ਪੂਰੀ ਕਰਦਾ ਹੈ ਪਰ ਕੁੱਝ ਇਕ ਨੂੰ ਜੋ ਇਸ ਲਾਭ ਦੇ ਯੋਗ ਨਹੀਂ ਹਨ ਉਨ੍ਹਾਂ ਨੂੰ ਜ਼ਰੂਰ ਆਪਣੇ ਦੇਸ਼ ਪਰਤਣਾ ਪਵੇਗਾ। ਇਸ ਨੀਤੀ ਦਾ ਉੱਚ ਯੋਗਤਾ ਪ੍ਰਾਪਤ ਬਿਨੈਕਾਰਾਂ ਤੇ ਹੁਨਰਮੰਦ ਪੇਸ਼ੇਵਰਾਂ 'ਤੇ ਕੋਈ ਪ੍ਰਭਾਵ ਨਹੀਂ ਪਵੇਗਾ ਜਿਨ੍ਹਾਂ ਨੇ ਕਾਨੂੰਨ ਦੀ ਪਾਲਣਾ ਕੀਤੀ ਹੈ।


JASSAL SIGNS

*From Concept to Completion*







- *Vehicle Wraps*
- *Business Cards Signs & Posters*
- *Wide Format Printing*
- *Banners & Truck Signs*
- *Invoices & Logo Sheets*
- *Logo Design & Real Estate Signs*
- *Channel Letters & Light Boxes & More*

604-599-4221

Email: info@jassalsigns.com

**Surrey**
#101 - 7728 128 St, Surrey

**Cloverdale**
#101- 6592 176 St, Cloverdale

**WWW.JASSALSIGNS.COM**


## ਸਰੀ ਪੁਲੀਸ ਵੱਲੋਂ ਫਿਰੌਤੀ ਤੇ ਗੋਲੀਬਾਰੀ ਦੇ ਦੋਸ਼ਾਂ ਹੇਠ ਦੋ ਪੰਜਾਬੀ ਗ੍ਰਿਫ਼ਤਾਰ

ਸਰੀ ਪੁਲੀਸ ਨੇ ਗੋਲੀਬਾਰੀ, ਧਮਕੀਆਂ ਅਤੇ ਫਿਰੌਤੀ ਦੇ ਦੋਸ਼ਾਂ ਹੇਠ ਪੰਜਾਬੀ ਮੂਲ ਦੇ ਦੋ ਨੌਜਵਾਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ, ਜਿਨ੍ਹਾਂ ਦੀ ਪਛਾਣ ਦਮਨਜੀਤ ਸਿੰਘ ਅਤੇ ਪਰਦੁਮਨ ਸਿੰਘ ਵਜੋਂ ਕੀਤੀ ਗਈ ਹੈ। ਇਨ੍ਹਾਂ ਦੋਵਾਂ ਨੂੰ 16 ਜੂਨ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

ਇਸ ਬਾਰੇ ਜਾਣਕਾਰੀ ਦਿੰਦੇ ਹੋਏ ਸਾਰਜੈਂਟ ਲਿੰਡਸੇ ਹੌਟਨ ਨੇ ਦੱਸਿਆ ਕਿ 22 ਅਪਰੈਲ ਨੂੰ ਅੱਧੀ ਰਾਤ ਵੇਲੇ ਸਰੀ ਦੀ 134 ਸਟਰੀਟ ਅਤੇ 87ਏ ਐਵੇਨਿਊ ਸਥਿਤ ਇੱਕ ਘਰ 'ਤੇ ਗੋਲੀਬਾਰੀ ਹੋਣ ਦੀ ਸੂਚਨਾ ਮਿਲੀ ਸੀ। ਜਦੋਂ ਪੁਲੀਸ ਉੱਥੇ ਪਹੁੰਚੀ ਤਾਂ ਦੇਖਿਆ ਕਿ ਗੋਲੀਆਂ ਮਾਰ ਕੇ ਇਮਾਰਤ ਅਤੇ ਬਾਹਰ ਖੜ੍ਹੀਆਂ ਕਾਰਾਂ ਦਾ ਨੁਕਸਾਨ ਕੀਤਾ ਗਿਆ ਸੀ, ਪਰ ਘਰ 'ਚ ਮੌਜੂਦ ਲੋਕ ਪੂਰਨ ਤੌਰ 'ਤੇ ਸੁਰੱਖਿਅਤ ਰਹੇ

# ਕਈ ਦੇਸ਼ਾਂ ਦੇ 100 ਤੋਂ ਵੱਧ ਲੋਕਾਂ ਨੂੰ ਖੁਦਕੁਸ਼ੀ ਲਈ ਉਕਸਾਉਣ ਵਾਲਾ ਕੈਨੇਡੀਅਨ ਦੋਸ਼ੀ ਐਲਾਨਿਆ



**ਟੋਰਾਂਟੋ**: ਕੈਨੇਡਾ ਦੇ ਓਨਟਾਰੀਓ ਸੂਬੇ ਵਿੱਚ ਇੰਟਰਨੈੱਟ ਰਾਹੀਂ ਦੁਨੀਆ ਭਰ ਵਿੱਚ ਮੌਤ ਦਾ ਸੌਦਾ ਕਰਨ ਵਾਲੇ ਇੱਕ ਬਜ਼ੁਰਗ ਵਿਅਕਤੀ ਦਾ ਬੇਹੱਦ ਖ਼ੌਫ਼ਨਾਕ ਚਿਹਰਾ ਸਾਹਮਣੇ ਆਇਆ ਹੈ। ਕੈਨੇਡਾ ਦੇ ਨਿਊਮਾਰਕੇਟ ਦੀ ਇੱਕ ਉੱਚ ਅਦਾਲਤ ਵਿੱਚ ਪੇਸ਼ੀ ਦੌਰਾਨ 60 ਸਾਲਾ ਕੈਨੇਡੀਅਨ ਨਾਗਰਿਕ ਕੇਨੇਥ ਲਾਅ ਨੇ ਆਨਲਾਈਨ ਵੈੱਬਸਾਈਟਾਂ ਰਾਹੀਂ ਘਾਤਕ ਰਸਾਇਣਕ ਪਦਾਰਥ ਵੇਚ ਕੇ ਲੋਕਾਂ ਨੂੰ ਖੁਦਕੁਸ਼ੀ ਕਰਨ ਵਿੱਚ ਮਦਦ ਕਰਨ ਦੇ ਆਪਣੇ ਸਾਰੇ ਸੰਗੀਨ ਗੁਨਾਹ ਕਬੂਲ ਕਰ ਲਏ ਹਨ। ਅਦਾਲਤ ਵਿੱਚ ਹੋਏ ਇੱਕ ਖ਼ਾਸ ਕਾਨੂੰਨੀ ਸਮਝੌਤੇ ਤਹਿਤ ਇਸਤਗਾਸਾ ਪੱਖ ਹੁਣ ਲਾਅ ਦੇ ਖ਼ਿਲਾਫ਼ ਦਰਜ 14 ਕਤਲ ਦੇ ਦੋਸ਼ਾਂ ਨੂੰ ਅਧਿਕਾਰਤ ਤੌਰ ‘ਤੇ ਵਾਪਸ ਲੈ ਲਵੇਗਾ, ਜਿਸ ਤੋਂ ਬਾਅਦ ਅਦਾਲਤ ਵੱਲੋਂ ਹੁਣ ਸਤੰਬਰ ਮਹੀਨੇ ਵਿੱਚ ਉਸ ਦੀ ਅੰਤਿਮ ਸਜ਼ਾ ਦਾ ਐਲਾਨ ਕੀਤਾ ਜਾਵੇਗਾ। ਅੰਤਰਰਾਸ਼ਟਰੀ ਜਾਂਚ ਏਜੰਸੀਆਂ ਮੁਤਾਬਕ ਕੇਨੇਥ ਲਾਅ ਨੂੰ ਦੁਨੀਆ ਭਰ ਵਿੱਚ ਹੋਈਆਂ 100 ਤੋਂ ਵੱਧ ਖੁਦਕੁਸ਼ੀਆਂ ਨਾਲ ਸਿੱਧੇ ਤੌਰ ‘ਤੇ ਜੋੜਿਆ ਗਿਆ ਹੈ, ਜਿਸ ਕਾਰਨ ਮਾਹਿਰ ਇਸ ਨੂੰ ਡਿਜੀਟਲ ਦੁਨੀਆ ਦਾ ਸਭ ਤੋਂ ਵੱਡਾ “ਸਹਾਇਤਾ ਪ੍ਰਾਪਤ ਖੁਦਕੁਸ਼ੀ” ਮਾਮਲਾ ਮੰਨ ਰਹੇ ਹਨ।

ਸਰਕਾਰੀ ਵਕੀਲਾਂ ਨੇ ਲਾਅ ਦੇ ਘਾਤਕ ਰਸਾਇਣ ਦਾ ਸੇਵਨ ਕਰਨ ਵਾਲੇ ਪੀੜਤਾਂ ਦੇ ਆਖਰੀ ਪਲਾਂ ਦੇ ਦਰਦਨਾਕ ਵੇਰਵੇ ਪੇਸ਼ ਕੀਤੇ, ਜਿਸ ਨੂੰ ਸੁਣ ਕੇ ਅਦਾਲਤ ਵਿੱਚ ਮੌਜੂਦ ਕਈ ਪੀੜਤ ਪਰਿਵਾਰ ਆਪਣੇ ਹੰਝੂ ਨਾ ਰੋਕ ਸਕੇ। ਪੁਲਿਸ ਜਾਂਚ ਤੋਂ ਪਤਾ ਲੱਗਾ ਹੈ ਕਿ ਕੇਨੇਥ ਲਾਅ ਪਹਿਲਾਂ ਇੱਕ ਪੇਸ਼ੇਵਰ ਸ਼ੈੱਫ ਵਜੋਂ ਕੰਮ ਕਰਦਾ ਸੀ, ਪਰ ਬਾਅਦ ਵਿੱਚ ਉਸ ਨੇ ਕਈ ਅਜਿਹੀਆਂ ਗੁਪਤ ਵੈੱਬਸਾਈਟਾਂ ਤਿਆਰ ਕੀਤੀਆਂ ਜਿੱਥੇ ਉਹ ਖੁਦਕੁਸ਼ੀ ਕਰਨ ਦੇ ਤਰੀਕਿਆਂ ਦੀ ਜਾਣਕਾਰੀ ਦੇਣ ਦੇ ਨਾਲ-ਨਾਲ ਇੱਕ ਖ਼ਾਸ ਰਸਾਇਣ ਵੇਚਦਾ ਸੀ। ਇਹ ਕੈਮੀਕਲ ਆਮ ਤੌਰ ‘ਤੇ ਮਾਸ ਨੂੰ ਸੁਰੱਖਿਅਤ ਰੱਖਣ ਲਈ ਵਰਤਿਆ ਜਾਂਦਾ ਹੈ, ਪਰ ਜੇਕਰ ਇਸ ਦਾ ਵੱਡੀ ਮਾਤਰਾ ਵਿੱਚ ਸੇਵਨ ਕੀਤਾ ਜਾਵੇ ਤਾਂ ਇਹ ਪਲਾਂ ਵਿੱਚ ਜਾਨ ਲੈ ਲੈਂਦਾ ਹੈ। ਲਾਅ ਨੇ ਇਨ੍ਹਾਂ ਵੈੱਬਸਾਈਟਾਂ ਰਾਹੀਂ ਵਿਸ਼ਵ ਦੇ 40 ਤੋਂ ਵੱਧ ਦੇਸ਼ਾਂ ਵਿੱਚ 1,200 ਤੋਂ ਵੱਧ ਜ਼ਹਿਰੀਲੇ ਪੈਕੇਜ ਭੇਜੇ, ਜਿਨ੍ਹਾਂ ਵਿੱਚੋਂ 160 ਪੈਕੇਜ ਇਕੱਲੇ ਕੈਨੇਡਾ ਦੇ ਵੱਖ-ਵੱਖ ਪਤਿਆਂ ‘ਤੇ ਭੇਜੇ ਗਏ ਸਨ, ਜਿੱਥੇ 16 ਤੋਂ 36 ਸਾਲ ਦੇ 14 ਨੌਜਵਾਨ ਇਸ ਦਾ ਸ਼ਿਕਾਰ ਬਣੇ।

ਇਸ ਗਲੋਬਲ ਨੈੱਟਵਰਕ ਦੇ ਤਾਰ ਬ੍ਰਿਟੇਨ ਨਾਲ ਵੀ ਬੁਰੀ ਤਰ੍ਹਾਂ ਜੁੜੇ ਹੋਏ ਹਨ, ਜਿੱਥੇ ਉੱਥੋਂ ਦੀਆਂ ਸੁਰੱਖਿਆ ਏਜੰਸੀਆਂ ਮੁਤਾਬਕ ਲਗਭਗ 79 ਲੋਕਾਂ ਦੀ ਮੌਤ ਸਿੱਧੇ ਤੌਰ ‘ਤੇ ਕੇਨੇਥ ਲਾਅ ਵੱਲੋਂ ਭੇਜੇ ਗਏ ਉਤਪਾਦਾਂ ਨਾਲ ਹੋਈ ਹੈ। ਹਾਲਾਂਕਿ ਬ੍ਰਿਟੇਨ ਦੀ ਕ੍ਰਾਊਨ ਪ੍ਰੌਸੀਕਿਊਸ਼ਨ ਸਰਵਿਸ ਅਤੇ ਨੈਸ਼ਨਲ ਕ੍ਰਾਈਮ ਏਜੰਸੀ ਨੇ ਉਸ ਦੀ ਹਵਾਲਗੀ ਦੀ ਮੰਗ ਨਾ ਕਰਦੇ ਹੋਏ ਕੈਨੇਡਾ ਵਿੱਚ ਹੀ ਚੱਲ ਰਹੇ ਮੁਕੱਦਮੇ ਤਹਿਤ ਸਜ਼ਾ ਦਿਵਾਉਣ ਦਾ ਫੈਸਲਾ ਕੀਤਾ ਹੈ। ਪਰ ਦੂਜੇ ਪਾਸੇ, ਬ੍ਰਿਟੇਨ ਵਿੱਚ ਆਪਣੀ ਜਾਨ ਗੁਆਉਣ ਵਾਲੇ ਕਈ ਨੌਜਵਾਨਾਂ ਦੇ ਪਰਿਵਾਰਕ ਮੈਂਬਰਾਂ ਨੇ ਇਸ ‘ਤੇ ਸਖ਼ਤ ਇਤਰਾਜ਼ ਜਤਾਉਂਦਿਆਂ ਮੰਗ ਕੀਤੀ ਹੈ ਕਿ ਇਸ ਪੂਰੀ ਮੌਤ ਦੀ ਤ੍ਰਾਸਦੀ ਦੀ ਜਨਤਕ ਜਾਂਚ ਹੋਣੀ ਚਾਹੀਦੀ ਹੈ। ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਅਮਰੀਕਾ, ਇਟਲੀ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਰਗੇ ਵਿਕਸਿਤ ਦੇਸ਼ਾਂ ਦੀਆਂ ਜਾਂਚ ਏਜੰਸੀਆਂ ਵੀ ਮੁਸਤੈਦ ਹੋ ਗਈਆਂ ਹਨ।

ਕੈਨੇਡੀਅਨ ਕਾਨੂੰਨ ਮੁਤਾਬਕ ਕਿਸੇ ਨੂੰ ਖੁਦਕੁਸ਼ੀ ਲਈ ਸਹਾਇਤਾ ਪ੍ਰਦਾਨ ਕਰਨ ਜਾਂ ਉਕਸਾਉਣ ਦੇ ਜ਼ੁਰਮ ਵਿੱਚ ਵੱਧ ਤੋਂ ਵੱਧ 14 ਸਾਲ ਦੀ ਕੈਦ ਦੀ ਸਜ਼ਾ ਦਾ ਪ੍ਰਬੰਧ ਹੈ। ਕਿਉਂਕਿ ਇਸ ਮਾਮਲੇ ਵਿੱਚ ਕਤਲ ਦੇ ਦੋਸ਼ਾਂ ਨੂੰ ਹਟਾਇਆ ਜਾ ਰਿਹਾ ਹੈ, ਇਸ ਲਈ ਹੁਣ ਅਦਾਲਤ ਸਿਰਫ਼ ਖੁਦਕੁਸ਼ੀ ਵਿੱਚ ਸਹਾਇਤਾ ਕਰਨ ਦੇ ਅਪਰਾਧਾਂ ਦੇ ਆਧਾਰ ’ਤੇ ਹੀ ਉਸ ਦੀ ਅੰਤਿਮ ਸਜ਼ਾ ਤੈਅ ਕਰੇਗੀ। ਮਈ 2023 ਵਿੱਚ ਮਿਸੀਸਾਗਾ ਤੋਂ ਗ੍ਰਿਫ਼ਤਾਰ ਹੋਣ ਤੋਂ ਬਾਅਦ ਹਿਰਾਸਤ ਵਿੱਚ ਚੱਲ ਰਹੇ ਇਸ ‘ਮੌਤ ਦੇ ਵਪਾਰੀ’ ਦੇ ਖੁਲਾਸੇ ਨੇ ਹੁਣ ਪੂਰੀ ਦੁਨੀਆ ਵਿੱਚ ਔਨਲਾਈਨ ਪਲੇਟਫਾਰਮਾਂ ਦੀ ਨਿਗਰਾਨੀ, ਮਾਨਸਿਕ ਸਿਹਤ ਸਹਾਇਤਾ ਅਤੇ ਇੰਟਰਨੈੱਟ ‘ਤੇ ਘਾਤਕ ਰਸਾਇਣਾਂ ਦੀ ਖੁੱਲ੍ਹੀ ਵਿਕਰੀ ’ਤੇ ਬਹੁਤ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

A1 PROMOTIONS
EST. 2004
A1PROMOTIONS.CA

**Custom T Shirts, Hoodies, School Uniforms**
**Event & Tournament Packages, Trophy Awards**
**Large Variety Of Promotional Products**




**A1 PROMOTIONS NEWTON**
13375-72 AVE SURREY
604-763-1500
sales@a1promotions.ca

**A1 PROMOTIONS HYLAND**
6636-152A Street Surrey
604-597-8356
sales152@a1promotions.ca

# ਪਰਵਾਸੀ ਆਪਣੀਆਂ ਦੁਸ਼ਮਣੀਆਂ ਪਿੱਛੇ ਛੱਡ ਕੇ ਕੈਨੇਡਾ ਆਉਣ: ਪੀ ਐਮ ਕਾਰਨੀ

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਦੇਸ਼ ਵਿੱਚ ਆਉਣ ਵਾਲੇ ਨਵੇਂ ਪ੍ਰਵਾਸੀਆਂ ਲਈ ਇੱਕ ਬੇਹੱਦ ਅਹਿਮ ਅਤੇ ਸਪੱਸ਼ਟ ਸੰਦੇਸ਼ ਜਾਰੀ ਕੀਤਾ ਹੈ। ਉਨ੍ਹਾਂ ਨੇ ਪ੍ਰਵਾਸੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੇ ਜੱਦੀ ਦੇਸ਼ਾਂ ਦੇ ਆਪਸੀ ਝਗੜਿਆਂ ਅਤੇ ਕੜਵਾਹਟ ਨੂੰ ਕੈਨੇਡਾ ਦੀ ਧਰਤੀ 'ਤੇ ਨਾ ਲੈ ਕੇ ਆਉਣ। ਪ੍ਰਧਾਨ ਮੰਤਰੀ ਨੇ ਆਪਣੇ ਬਿਆਨ ਵਿੱਚ ਸਖ਼ਤ ਰੁਖ਼ ਅਖਤਿਆਰ ਕਰਦਿਆਂ ਕਿਹਾ, "ਅਸੀਂ ਦੁਨੀਆ ਭਰ ਦੀਆਂ ਨਫ਼ਰਤਾਂ ਦਾ ਸਵਾਗਤ ਨਹੀਂ ਕਰਦੇ"। ਉਨ੍ਹਾਂ ਦਾ ਇਸ਼ਾਰਾ ਉਨ੍ਹਾਂ ਦੇਸ਼ਾਂ ਵੱਲ ਸੀ ਜਿੱਥੋਂ ਆਉਣ ਵਾਲੇ ਲੋਕ ਅਕਸਰ ਆਪਣੀਆਂ ਪੁਰਾਣੀਆਂ ਦੁਸ਼ਮਣੀਆਂ ਕਾਰਨ ਕੈਨੇਡਾ ਵਿੱਚ ਵੀ ਤਣਾਅ ਪੈਦਾ ਕਰਦੇ ਹਨ।



ਪੀਐਮ ਕਾਰਨੀ ਨੇ ਪ੍ਰਵਾਸੀਆਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਕੈਨੇਡਾ ਹਰ ਕਿਸੇ ਦੀ ਵਿਰਾਸਤ ਦਾ ਸਤਿਕਾਰ ਕਰਦਾ ਹੈ। ਉਨ੍ਹਾਂ ਕਿਹਾ, "ਜਦੋਂ ਤੁਸੀਂ ਕੈਨੇਡਾ ਆਉਂਦੇ ਹੋ, ਤਾਂ ਤੁਸੀਂ ਆਪਣਾ ਵਿਸ਼ਵਾਸ, ਆਪਣੀ ਪਰੰਪਰਾ, ਆਪਣੀ ਭਾਸ਼ਾ ਅਤੇ ਆਪਣੀ ਕਹਾਣੀ ਆਪਣੇ ਨਾਲ ਲਿਆਉਂਦੇ ਹੋ - ਪਰ ਤੁਹਾਨੂੰ ਆਪਣੀਆਂ ਦੁਸ਼ਮਣੀਆਂ ਨੂੰ ਪਿੱਛੇ ਛੱਡ ਦੇਣਾ ਚਾਹੀਦਾ ਹੈ"। ਪ੍ਰਧਾਨ ਮੰਤਰੀ ਦੇ ਇਸ ਬਿਆਨ ਨੂੰ ਕੈਨੇਡਾ ਵਿੱਚ ਅੰਤਰ-ਭਾਈਚਾਰਕ ਸਾਂਝ ਅਤੇ ਸ਼ਾਂਤੀ ਬਣਾਈ ਰੱਖਣ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਮੰਨਿਆ ਜਾ ਰਿਹਾ ਹੈ।

ਪ੍ਰਧਾਨ ਮੰਤਰੀ ਕਾਰਨੀ ਦੇ ਇਸ ਬਿਆਨ ਨਾਲ ਕੈਨੇਡਾ ਵਿੱਚ ਧਰਮ ਨਿਰਪੱਖਤਾ ਅਤੇ ਵੱਖ-ਵੱਖ ਭਾਈਚਾਰਿਆਂ ਦੇ ਅਧਿਕਾਰਾਂ ਨੂੰ ਲੈ ਕੇ ਇੱਕ ਨਵੀਂ ਚਰਚਾ ਛਿੜ ਗਈ ਹੈ। ਕੈਨੇਡੀਅਨ ਸਮਾਜ ਦੇ ਵੱਖ-ਵੱਖ ਵਰਗਾਂ ਵੱਲੋਂ ਇਹ ਵਿਚਾਰ ਪੇਸ਼ ਕੀਤਾ ਜਾ ਰਿਹਾ ਹੈ ਕਿ ਹੁਣ ਫਰਾਂਸੀਸੀ ਅਤੇ ਅੰਗਰੇਜ਼ੀ ਭਾਸ਼ੀ ਲੋਕਾਂ ਵਿਚਕਾਰ ਚੱਲੀ ਆ ਰਹੀ ਪੁਰਾਣੀ ਦੁਸ਼ਮਣੀ ਅਤੇ ਖਿੱਚੋਤਾਣ ਪੂਰੀ ਤਰ੍ਹਾਂ ਖਤਮ ਹੋਣੀ ਚਾਹੀਦੀ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਇੱਕ ਨਵੇਂ ਅਤੇ ਉੱਨਤ ਕੈਨੇਡਾ ਦੇ ਨਿਰਮਾਣ ਲਈ ਇਨ੍ਹਾਂ ਪੁਰਾਣੇ ਵਿਵਾਦਾਂ ਨੂੰ ਪਿੱਛੇ ਛੱਡਣਾ ਬੇਹੱਦ ਜ਼ਰੂਰੀ ਹੈ।

ਇਸ ਚਰਚਾ ਵਿੱਚ ਸਭ ਤੋਂ ਅਹਿਮ ਨੁਕਤਾ ਕੈਨੇਡਾ ਦੇ ਸੰਵਿਧਾਨ ਵਿੱਚ ਕੈਥੋਲਿਕ ਸਕੂਲਾਂ ਨੂੰ ਮਿਲੀ ਵਿਸ਼ੇਸ਼ ਸੁਰੱਖਿਆ ਹੈ। ਇਹ ਸਵਾਲ ਉਠਾਇਆ ਜਾ ਰਿਹਾ ਹੈ ਕਿ ਕੀ ਇੱਕ ਆਧੁਨਿਕ ਧਰਮ ਨਿਰਪੱਖ ਦੇਸ਼ ਵਿੱਚ ਕਿਸੇ ਖ਼ਾਸ ਧਰਮ ਦੇ ਸਕੂਲਾਂ ਨੂੰ ਸੰਵਿਧਾਨਕ ਸੁਰੱਖਿਆ ਮਿਲਣੀ ਚਾਹੀਦੀ ਹੈ? ਬਹਿਸ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਧਰਮ ਨਿਰਪੱਖਤਾ ਦੇ ਨਿਯਮ ਸਾਰੇ ਪ੍ਰਵਾਸੀਆਂ 'ਤੇ ਬਰਾਬਰ ਲਾਗੂ ਹੋਣੇ ਚਾਹੀਦੇ ਹਨ, ਨਾ ਕਿ ਸਿਰਫ਼ ਕੁਝ ਖ਼ਾਸ ਖੇਤਰਾਂ ਤੋਂ ਆਉਣ ਵਾਲੇ ਲੋਕਾਂ 'ਤੇ।ਕੈਨੇਡਾ ਨੂੰ ਹੁਣ ਆਪਣੀ ਧਾਰਮਿਕ ਅਤੇ ਭਾਸ਼ਾਈ ਪਛਾਣ ਤੋਂ ਉੱਪਰ ਉੱਠ ਕੇ ਇੱਕ ਸਾਂਝੀ ਕੈਨੇਡੀਅਨ ਪਛਾਣ ਬਣਾਉਣ ਵੱਲ ਕਦਮ ਵਧਾਉਣ ਦੀ ਲੋੜ ਮਹਿਸੂਸ ਕੀਤੀ ਜਾ ਰਹੀ ਹੈ।

# ਕੈਨੇਡਾ ਵੀਜ਼ਾ ਦਾ ਪ੍ਰੋਸੈਸਿੰਗ ਸਮਾਂ 160 ਦਿਨਾਂ ਤੋਂ ਘਟਾ ਕੇ 117 ਦਿਨ ਕੀਤਾ



ਕੈਨੇਡਾ ਜਾਣ ਦੇ ਚਾਹਵਾਨ ਭਾਰਤੀਆਂ ਲਈ ਚੰਗੀ ਖ਼ਬਰ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਨਵੇਂ ਬਿਨੈਕਾਰਾਂ ਲਈ ਪ੍ਰੋਸੈਸਿੰਗ ਟਾਈਮ ਅਪਡੇਟ ਕੀਤਾ ਹੈ। ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਨੇ ਅਸਥਾਈ ਰਿਹਾਇਸ਼ ਦੀਆਂ ਅਰਜ਼ੀਆਂ ਲਈ ਨਵੇਂ ਪ੍ਰੋਸੈਸਿੰਗ ਸਮੇਂ ਜਾਰੀ ਕੀਤੇ ਹਨ। ਤਾਜ਼ਾ ਅਪਡੇਟ ਅਨੁਸਾਰ ਭਾਰਤ ਅਤੇ ਪਾਕਿਸਤਾਨ ਤੋਂ ਕੀਤੀਆਂ ਕਈ ਸ਼੍ਰੇਣੀਆਂ ਦੀਆਂ ਅਰਜ਼ੀਆਂ ਦੀ ਪ੍ਰੋਸੈਸਿੰਗ ਪਹਿਲਾਂ ਦੇ ਮੁਕਾਬਲੇ ਤੇਜ਼ ਹੋਈ ਹੈ, ਜਦਕਿ ਨਾਈਜੀਰੀਆ ਅਤੇ ਅਮਰੀਕਾ ਵਰਗੇ ਦੇਸ਼ਾਂ ਦੇ ਬਹੁਤ ਸਾਰੇ ਬਿਨੈਕਾਰਾਂ ਨੂੰ ਹੁਣ ਵਧੇਰੇ ਇੰਤਜ਼ਾਰ ਕਰਨਾ ਪੈ ਸਕਦਾ ਹੈ।

ਸੁਪਰ ਵੀਜ਼ਾ ਸ਼੍ਰੇਣੀ ਵਿੱਚ ਭਾਰਤੀ ਬਿਨੈਕਾਰਾਂ ਨੂੰ ਸਭ ਤੋਂ ਵੱਡੀ ਰਾਹਤ ਮਿਲੀ ਹੈ। ਭਾਰਤ ਲਈ ਪ੍ਰੋਸੈਸਿੰਗ ਸਮਾਂ 160 ਦਿਨਾਂ ਤੋਂ ਘਟ ਕੇ ਹੁਣ ਸਿਰਫ਼ 117 ਦਿਨ ਰਹਿ ਗਿਆ ਹੈ, ਜਿਸਦਾ ਮਤਲਬ ਹੈ ਕਿ ਇੰਤਜ਼ਾਰ ਦੇ ਸਮੇਂ ਵਿੱਚ 43 ਦਿਨਾਂ ਦੀ ਵੱਡੀ ਕਮੀ ਆਈ ਹੈ। ਇਸੇ ਤਰ੍ਹਾਂ ਪਾਕਿਸਤਾਨ ਲਈ ਇਹ ਸਮਾਂ 107 ਦਿਨਾਂ ਤੋਂ ਘਟ ਕੇ 75 ਦਿਨ ਹੋ ਗਿਆ ਹੈ। ਇਸ ਦੇ ਉਲਟ ਅਮਰੀਕਾ ਤੋਂ ਸੁਪਰ ਵੀਜ਼ਾ ਅਪਲਾਈ ਕਰਨ ਵਾਲਿਆਂ ਲਈ ਸਮਾਂ 103 ਤੋਂ ਵਧ ਕੇ 115 ਦਿਨ ਹੋ ਗਿਆ ਹੈ।

**ਸਟੱਡੀ ਅਤੇ ਵਰਕ ਪਰਮਿ:**

**ਸਟੱਡੀ ਪਰਮਿਟ:** ਭਾਰਤੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਦੀ ਪ੍ਰੋਸੈਸਿੰਗ ਮਿਆਦ 4 ਹਫ਼ਤਿਆਂ 'ਤੇ ਸਥਿਰ ਬਣੀ ਹੋਈ ਹੈ। ਪਾਕਿਸਤਾਨੀ ਵਿਦਿਆਰਥੀਆਂ ਨੂੰ ਵੱਡੀ ਰਾਹਤ ਮਿਲੀ ਹੈ, ਜਿਨ੍ਹਾਂ ਦਾ ਸਮਾਂ 11 ਹਫ਼ਤਿਆਂ ਤੋਂ ਘਟ ਕੇ 7 ਹਫ਼ਤੇ ਰਹਿ ਗਿਆ ਹੈ।

**ਵਰਕ ਪਰਮਿਟ:** ਭਾਰਤ ਤੋਂ ਕੀਤੇ ਗਏ ਵਰਕ ਪਰਮਿਟ ਅਰਜ਼ੀਆਂ ਲਈ ਸਮਾਂ 9 ਹਫ਼ਤਿਆਂ 'ਤੇ ਸਥਿਰ ਹੈ। ਪਾਕਿਸਤਾਨ ਲਈ ਇਹ ਸਮਾਂ 8 ਹਫ਼ਤਿਆਂ ਤੋਂ ਘਟ ਕੇ 6 ਹਫ਼ਤੇ ਰਹਿ ਗਿਆ ਹੈ। ਕੈਨੇਡਾ ਦੇ ਅੰਦਰੋਂ ਅਪਲਾਈ ਕਰਨ ਵਾਲਿਆਂ ਲਈ ਪ੍ਰੋਸੈਸਿੰਗ ਸਮਾਂ 212 ਦਿਨਾਂ ਤੋਂ ਘਟ ਕੇ 206 ਦਿਨ ਹੋ ਗਿਆ ਹੈ।

**ਵਿਜ਼ਿਟਰ ਵੀਜ਼ਾ ਲਈ ਵਧਿਆ ਇੰਤਜ਼ਾਰ:**

ਵਿਜ਼ਿਟਰ ਵੀਜ਼ਾ ਦੇ ਮਾਮਲੇ ਵਿੱਚ ਭਾਰਤੀਆਂ ਨੂੰ ਥੋੜਾ ਵਧੇਰੇ ਇੰਤਜ਼ਾਰ ਕਰਨਾ ਪਵੇਗਾ। ਭਾਰਤ ਲਈ ਇਹ ਮਿਆਦ 27 ਦਿਨਾਂ ਤੋਂ ਵਧ ਕੇ 28 ਦਿਨ ਹੋ ਗਈ ਹੈ। ਕੈਨੇਡਾ ਦੇ ਅੰਦਰੋਂ ਕੀਤੇ ਵਿਜ਼ਿਟਰ ਵੀਜ਼ਾ ਅਰਜ਼ੀਆਂ ਦਾ ਸਮਾਂ 11 ਦਿਨਾਂ ਤੋਂ ਵਧ ਕੇ 16 ਦਿਨ ਹੋ ਗਿਆ ਹੈ। ਅਮਰੀਕਾ ਅਤੇ ਫਿਲੀਪੀਨਜ਼ ਲਈ ਵੀ ਇਸ ਸਮੇਂ ਵਿੱਚ ਮਾਮੂਲੀ ਵਾਧਾ ਦਰਜ ਕੀਤਾ ਹੈ।

ਨਾਈਜੀਰੀਆ ਦੇ ਬਿਨੈਕਾਰਾਂ ਨੂੰ ਵੱਡਾ ਝਟਕਾ ਲੱਗਿਆ ਹੈ, ਜਿੱਥੇ ਵਰਕ ਪਰਮਿਟ ਦੀ ਪ੍ਰੋਸੈਸਿੰਗ ਮਿਆਦ 6 ਹਫ਼ਤਿਆਂ ਤੋਂ ਵਧ ਕੇ ਸਿੱਧੀ 12 ਹਫ਼ਤੇ ਹੋ ਗਈ ਹੈ। ਸਟੱਡੀ ਪਰਮਿਟ ਦੇ ਮਾਮਲੇ ਵਿੱਚ ਵੀ ਉੱਥੇ ਸਮਾਂ 5 ਹਫ਼ਤਿਆਂ ਤੋਂ ਵਧ ਕੇ 6 ਹਫ਼ਤੇ ਹੋ ਗਿਆ ਹੈ। ਅਮਰੀਕਾ ਅਤੇ ਫਿਲੀਪੀਨਜ਼ ਲਈ ਜ਼ਿਆਦਾਤਰ ਸ਼੍ਰੇਣੀਆਂ ਵਿੱਚ ਪ੍ਰੋਸੈਸਿੰਗ ਸਮਾਂ ਸਥਿਰ ਰਿਹਾ ਹੈ ਜਾਂ ਮਾਮੂਲੀ ਵਧਿਆ ਹੈ।


REAL PLUMBING

EMERGENCY SERVICE
7 DAYS A WEEK



FAST SERVICE

HOT WATER TANKS
SOLD - SERVICED
AND REMOVED

ਕਿਸੇ ਵੀ ਤਰ੍ਹਾਂ ਦੀ ਪਲੰਬਿੰਗ ਦੀ ਪ੍ਰੋਬਲਮ ਹੈ ਤਾਂ ਫੋਨ ਕਰੋ

ਸਤਵਿੰਦਰ ਰੀਹਲ

Satwinder Reehal

604-327-5096



RIGHTWAY
PAINTING

ਵਧੀਆ ਕੰਮ-ਵਾਜਿਬ ਕੀਮਤ

Commercial & Residential
GENERAL PAINT
THE PAINT EXPERTS
QUALITY WORKMANSHIP

- Stucco Painting
- Driveway Sealing
- Power Washing
- Repaint Job

ਹਰ ਤਰ੍ਹਾਂ ਦੀ ਪੇਂਟ ਜੋਬ ਲਈ
ਜਸਬੀਰ ਭੰਡਾਲ ਨੂੰ ਫੋਨ ਕਰੋ।

JASVIR BHANDAL

604-834-4335 <> 604-581-5759




WCC WESTERN COMMUNITY COLLEGE

# HEALTH CARE ASSISTANT

PROGRAM

## START YOUR **HCA JOURNEY**

The Health Care Assistant Program is designed to provide students with opportunities to develop the knowledge, skills, and attitudes necessary to function effectively as front-line caregivers and members of the healthcare team.

**MORNING | EVENING**
SCHEDULES

**FINANCIAL AID**
AVAILABLE

**97%**
**GRADUATE**
EMPLOYMENT RATE

**$27***
**HOURLY WAGE**
AVERAGE

SURREY | ABBOTSFORD 604.594.3500 WCC.CA/HCA

# ਬੇਜ਼ੁਬਾਨ ਪਿਆਰ ਦੀ ਦਾਸਤਾਨ 'ਬਾਰੂ'

ਸੰਨ ਉਂਨੀ ਸੌ ਸੱਠ 'ਚ ਮੇਰੇ ਪਿਤਾ ਨੇ ਗਾਂ ਲਈ ਤਾਂ ਜੋ ਦੁੱਧ ਦੀ ਲੋੜ ਪੂਰੀ ਹੋ ਸਕੇ। ਗਾਂ ਖਾਲਿਸ ਹਿਸਾਰੀ ਨਸਲ ਦੀ ਸੀ ਚਿੱਟਾ ਰੰਗ, ਗੋਲ ਤੁੰਦ, ਲੰਬੀ ਪੂੰਛ, ਨਿੱਕੇ-ਨਿੱਕੇ ਕਾਲੇ ਸਿੰਙ। ਬੜੀ ਸੋਹਣੀ-ਸੁਨੱਖੀ ਗਾਂ ਸੀ। ਉਸ ਦੀਆਂ ਕਜ਼ਰਾਰੀਆਂ ਅੱਖਾਂ ਏਦਾਂ ਲੱਗਦੀਆਂ ਸਨ, ਜਿਵੇਂ ਕਿਸੇ ਬਿਊਟੀ ਪਾਰਲਰ ਵਿੱਚੋਂ ਸੁਆਰ ਕੇ ਲਿਆਂਦੀਆਂ ਹੋਣ। ਲੱਗਦਾ ਸੀ, ਜਿਵੇਂ ਕ੍ਰਿਸ਼ਨ ਜੀ ਇਸੇ ਗਾਂ ਦੇ ਮੂਹਰੇ ਬਾਂਸੁਰੀ ਵਜਾਉਂਦੇ ਹੋਣ। ਉਸ ਦੇ ਨਾਲ ਸੋਹਣੀ-ਸੁਨੱਖੀ ਵੱਛੀ ਵੀ ਸੀ, ਬਿਲਕੁਲ ਉਹਦੇ ਵਰਗੀ। ਗਾਂ ਸੱਤ ਸੇਰ ਅੰਮ੍ਰਿਤ ਵਰਗਾ ਦੁੱਧ ਦਿੰਦੀ ਸੀ। ਛੇਤੀ ਹੀ ਉਹ ਸਾਡੇ ਨਾਲ ਘੁਲ-ਮਿਲ ਗਈ ਤੇ ਘਰ ਦਾ ਹਿੱਸਾ ਬਣ ਗਈ।ਦਿਨ ਬੀਤਦੇ ਗਏ ਤੇ ਉਸ ਗਾਂ ਨੇ ਬਹੁਤ ਸੋਹਣੇ ਵੱਛੇ ਨੂੰ ਜਨਮ ਦਿੱਤਾ। ਬੜਾ ਹੀ ਪਿਆਰਾ ਸੀ ਉਹ ਬੱਚਾ ਪਰ ਇਕ ਦਿਨ ਠੰਢ ਲੱਗਣ ਕਾਰਨ ਉਹ ਕੰਬਦਾ ਹੋਇਆ ਮਰ ਗਿਆ। ਉਸ ਦਿਨ ਤੋਂ ਗਾਂ ਦੇ ਮਾੜੇ ਦਿਨ ਸ਼ੁਰੂ ਹੋ ਗਏ। ਸਾਡੇ ਲਈ ਉਸ ਨੂੰ ਰੱਖਣਾ ਔਖਾ ਹੋ ਗਿਆ। ਆਖ਼ਰਕਾਰ ਅਸੀਂ ਉਹ ਕਿਸੇ ਗ਼ਰੀਬ ਨੂੰ ਬਿਨਾਂ ਕੋਈ ਪੈਸਾ ਲਏ ਦੇ ਦਿੱਤੀ ਪਰ ਉਸ ਦੀ ਵੱਛੀ ਆਪਣੇ ਕੋਲ ਰੱਖ ਲਈ। ਉਹ ਵੱਛੀ ਵੀ ਮਾਂ ਵਰਗੀ ਹੀ ਸੋਹਣੀ-ਸੁਨੱਖੀ ਸੀ। ਉਸ ਦਾ ਨਾਂ ਅਸੀਂ 'ਪੱਪੋ' ਰੱਖਿਆ। ਉਹ ਸਾਡੇ ਕੋਲ ਹੀ ਪਲਦੀ ਰਹੀ। ਹੌਲੀ-ਹੌਲੀ ਵੱਡੀ ਹੋਈ। ਕੁਝ ਸਮੇਂ ਬਾਅਦ ਉਸ ਨੇ ਵੀ ਖ਼ੂਬਸੂਰਤ ਬੱਚੇ ਨੂੰ ਜਨਮ ਦਿੱਤਾ। ਉਹ ਸ਼ਨਿਚਰਵਾਰ ਵਾਲੇ ਦਿਨ ਪੈਦਾ ਹੋਇਆ ਸੀ, ਇਸ ਲਈ ਅਸੀਂ ਉਸ ਨੂੰ ਬਾਰੂ ਕਹਿਣ ਲੱਗੇ। ਬਾਰੂ ਵੀ ਰੱਜ ਕੇ ਸੋਹਣਾ, ਪਿਆਰਾ ਪਰ ਸ਼ਰਾਰਤੀ ਬਹੁਤ ਸੀ। ਉਹ ਛਾਲਾਂ ਮਾਰਦਾ ਇੱਧਰ-ਉੱਧਰ ਭੱਜਦਾ ਤੇ ਹਰ ਵੇਲੇ ਕਲੋਲਾਂ ਕਰਦਾ ਰਹਿੰਦਾ। ਮੇਰੇ ਨਾਲ ਉਸ ਦਾ ਖ਼ਾਸ ਲਗਾਓ ਸੀ। ਉਹ ਹਰ ਵੇਲੇ ਮੇਰੇ



ਆਲੇ-ਦੁਆਲੇ ਹੀ ਰਹਿੰਦਾ। ਮੈਨੂੰ ਚੱਟਦਾ, ਸੁੰਘਦਾ ਤੇ ਜੋ ਕੁਝ ਮੈਂ ਖਾਂਦਾ, ਉਸ ਵਿੱਚੋਂ ਆਪਣਾ ਹਿੱਸਾ ਵੀ ਮੰਗਦਾ। ਕੇਲਾ, ਸੇਬ, ਅੰਬ, ਖ਼ਰਬੂਜ਼ਾ, ਮੂੰਗਫ਼ਲੀ, ਰਿਓੜੀ, ਗੱਚਕ, ਬਰਫ਼ੀ ਆਦਿ ਸਭ ਕੁਝ ਮੇਰੇ ਨਾਲ ਖਾਂਦਾ। ਰਸਗੁੱਲਾ ਤੇ ਬਰਫ਼ੀ ਤਾਂ ਉਸ ਦੀਆਂ ਸਭ ਤੋਂ ਮਨਪਸੰਦ ਮਠਿਆਈਆਂ ਸਨ।

ਗਰਮੀਆਂ 'ਚ ਅਸੀਂ ਵਿਹੜੇ ਵਿਚ ਸੌਂਦੇ ਸੀ। ਉਹ ਮੇਰੇ ਮੰਜੇ ਨਾਲ ਹੀ ਲੇਟਦਾ। ਸਵੇਰ ਹੋਣ 'ਤੇ ਮੇਰੀ ਬਾਂਹ ਜਾਂ ਚਾਦਰ ਖਿੱਚ ਕੇ ਮੈਨੂੰ ਜਗਾਉਂਦਾ। ਫਿਰ ਉਸ ਦੀ ਰੋਜ਼ਮਰ੍ਹਾ ਦੀ ਜ਼ਿੰਦਗੀ ਸ਼ਰਾਰਤਾਂ, ਕਲੋਲਾਂ ਤੇ ਭੱਜ-ਦੌੜ ਨਾਲ ਸ਼ੁਰੂ ਹੋ ਜਾਂਦੀ। ਉਹ ਸਾਰਾ ਦਿਨ ਛਾਲਾਂ ਮਾਰਦਾ ਫਿਰਦਾ ਰਹਿੰਦਾ।

ਮੇਰੀ ਗ਼ੈਰ-ਹਾਜ਼ਰੀ 'ਚ ਚੁੱਪਚਾਪ ਬੈਠਾ ਰਹਿੰਦਾ। ਜਦੋਂ ਮੈਂ ਐੱਨਸੀਸੀ ਕੈਂਪ ਜਾਂ ਕਿਸੇ ਹੋਰ ਕੰਮ ਲਈ ਬਾਹਰ ਜਾਂਦਾ ਤਾਂ ਉਸ ਦਾ ਬੁਰਾ ਹਾਲ ਹੋ ਜਾਂਦਾ। ਜਦੋਂ ਮੈਂ ਐੱਨਸੀਸੀ ਕੈਂਪ 'ਤੇ ਜਾਂਦਾ, ਉਹ ਉਦਾਸ ਹੀ ਰਹਿੰਦਾ। ਕਦੇ ਕੁਝ ਖਾਂਦਾ, ਕਦੇ ਨਹੀਂ ਪਰ ਜਦੋਂ ਮੈਂ ਕੈਂਪ ਤੋਂ ਵਾਪਸ ਮੁੜਦਾ ਤਾਂ ਉਸ ਦੀ ਖ਼ੁਸ਼ੀ ਦਾ ਕੋਈ ਠਿਕਾਣਾ ਨਾ ਰਹਿੰਦਾ। ਪਹਿਲਾਂ ਮੈਨੂੰ ਵੇਖ ਕੇ ਨਾਰਾਜ਼ ਹੁੰਦਾ, ਮੈਨੂੰ ਤੁੰਢ ਮਾਰਦਾ ਜਿਵੇਂ ਗਿਲਾ ਕਰ ਰਿਹਾ ਹੋਵੇ ਕਿ ਮੈਂ ਇੰਨੇ ਦਿਨਾਂ ਲਈ ਉਸ ਨੂੰ ਛੱਡ ਕੇ ਕਿਉਂ ਚਲਾ ਗਿਆ ਸੀ। ਫਿਰ ਆਪਣੇ ਅਗਲੇ ਪੈਰ ਮੇਰੀ ਛਾਤੀ 'ਤੇ ਰੱਖ ਕੇ ਮੈਨੂੰ ਜੱਫ਼ੀ ਪਾ ਲੈਂਦਾ। ਉਹ ਪਲ ਬਿਲਕੁਲ ਇਨਸਾਨੀ ਪਿਆਰ ਵਰਗੇ ਲੱਗਦੇ ਸਨ। ਦਿਨ ਬੀਤਦੇ ਗਏ, ਅਸੀਂ ਅਰਨੇ-ਬਰਨੇ ਮਕਾਨ ਲੈ ਲਿਆ। ਜਦੋਂ ਮੈਂ ਘਰੋਂ ਬਾਹਰ ਜਾਂਦਾ, ਉਹ ਮੈਨੂੰ ਚੌਕ ਤੱਕ ਛੱਡਣ ਜਾਂਦਾ ਤੇ ਫਿਰ ਵਾਪਸ ਆ ਜਾਂਦਾ। ਸਮੇਂ ਨਾਲ ਉਹ ਵੀ ਵੱਡਾ ਹੋਣ ਲੱਗ ਪਿਆ ਸੀ। ਉਸ ਦੇ ਛੋਟੇ-ਛੋਟੇ ਸਿੰਙ ਨਿਕਲਣ ਲੱਗ ਪਏ ਸਨ। ਤੁੰਦ ਵੀ ਭਰਨ ਲੱਗ ਪਈ ਸੀ। ਜਦੋਂ ਉਹ ਬਾਹਰ ਜਾਂਦਾ ਸੀ ਤਾਂ ਸਾਨੂੰ ਡਰ ਰਹਿੰਦਾ ਕਿ ਕਿਤੇ ਉਹ ਕਿਸੇ ਨੂੰ ਮਾਰ ਨਾ ਦੇਵੇ ਜਾਂ ਲੋਕ ਉਸ ਪਿੱਛੇ ਕੁੱਤੇ ਨਾ ਛੱਡ ਦੇਣ ਪਰ ਉਹ ਕੁੱਤਿਆਂ ਦੀ ਕੋਈ ਪਰਵਾਹ ਨਹੀਂ ਕਰਦਾ ਸੀ। ਨਿਡਰ ਹੋ ਕੇ ਉਨ੍ਹਾਂ ਵਿੱਚੋਂ ਲੰਘ ਜਾਂਦਾ ਤੇ ਮਸਤੀ ਨਾਲ ਆਪਣਾ ਦਿਨ ਬਿਤਾਉਂਦਾ। ਉਹ ਤੇਜ਼ੀ ਨਾਲ ਵੱਡਾ ਹੋ ਰਿਹਾ ਸੀ। ਉਸ ਦੀ ਖ਼ੁਰਾਕ ਵੀ ਬਹੁਤ ਵਧੀਆ ਸੀ। ਲੱਗਦਾ ਸੀ ਕਿ ਛੇਤੀ ਹੀ ਉਹ ਸੋਹਣਾ ਬਲਦ ਬਣ ਜਾਵੇਗਾ।

ਇਕ ਦਿਨ ਕਿਸੇ ਨੇ ਝੂਠੀ ਸ਼ਿਕਾਇਤ ਲਾ ਦਿੱਤੀ, 'ਬਾਊ ਜੀ, ਤੁਹਾਡਾ ਬਾਰੂ ਮੈਨੂੰ ਮਾਰਨ ਲੱਗ ਪਿਆ ਸੀ, ਮੈਂ ਤਾਂ ਮਸਾਂ ਬਚਿਆ ਹਾਂ।' ਇਹ ਸੁਣ ਕੇ ਮਨ ਬਹੁਤ ਦੁਖੀ ਹੋਇਆ। ਇਕ ਵਾਰ ਪਤਾ ਨਹੀਂ ਕਿਸ ਨੇ ਉਸ ਨੂੰ ਕੁੱਟ ਵੀ ਦਿੱਤਾ ਸੀ। ਇਹ ਸੋਚ ਕੇ ਦਿਲ ਹੋਰ ਵੀ ਦੁਖਦਾ ਸੀ ਕਿ ਇਕ ਬੇਜ਼ੁਬਾਨ ਜਾਨਵਰ ਨੂੰ ਕਿਸੇ ਨੇ ਕਿਉਂ ਮਾਰਿਆ ਹੋਵੇਗਾ। ਫਿਰ ਇਕ ਦਿਨ ਪਿਤਾ ਜੀ ਨੇ ਅਚਾਨਕ ਕਿਹਾ, 'ਹੁਣ ਬਾਰੂ ਨੂੰ ਜ਼ਿਆਦਾ ਦਿਨ ਰੱਖਣਾ ਸੰਭਵ ਨਹੀਂ। ਇਹ ਵੱਡਾ ਹੋ ਰਿਹਾ ਹੈ। ਇਸ ਦਾ ਕੋਈ ਹੀਲਾ ਕਰਨਾ ਪਵੇਗਾ। ਸਾਂਡ ਜਾਂ ਬਲਦ ਘਰ 'ਚ ਥੋੜ੍ਹੇ ਹੀ ਰੱਖੇ ਜਾਂਦੇ ਹਨ।' ਇਹ ਸੁਣ ਕੇ ਮੈਨੂੰ ਹੌਕਾ ਲੱਗ ਗਿਆ। ਇਸ ਤਰ੍ਹਾਂ ਮਹਿਸੂਸ ਹੋਇਆ, ਜਿਵੇਂ ਪੈਰਾਂ ਹੇਠੋਂ ਜ਼ਮੀਨ ਖਿਸਕ ਗਈ ਹੋਵੇ। ਮਤਲਬ ਹੁਣ ਬਾਰੂ ਤੋਂ ਵਿਛੋੜਾ ਹੋਣਾ ਸੀ। ਜੇ ਉਹ ਕੋਈ ਕੁੱਤਾ ਹੁੰਦਾ ਤਾਂ ਸ਼ਾਇਦ ਕੋਈ ਸਮੱਸਿਆ ਨਾ ਹੁੰਦੀ ਪਰ ਵੱਡੇ ਹੋ ਰਹੇ ਬਲਦ ਜਾਂ ਸਾਂਡ ਨੂੰ ਬਿਨਾਂ ਕਿਸੇ ਮਕਸਦ ਦੇ ਕੌਣ ਰੱਖ ਸਕਦਾ ਸੀ? ਨਾ ਚਾਹੁੰਦਿਆਂ ਵੀ ਮੈਨੂੰ ਇਹ ਗੱਲ ਮੰਨਣੀ ਪਈ। ਮੇਰੀ ਨੀਂਦ ਹਰਾਮ ਹੋ ਗਈ। ਪਤਾ ਨਹੀਂ ਕਿਵੇਂ ਬਾਰੂ ਨੂੰ ਵੀ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ। ਉਹ ਵੀ ਅਚਾਨਕ ਚੁੱਪਚਾਪ ਰਹਿਣ ਲੱਗ ਪਿਆ। ਪਹਿਲਾਂ ਵਾਂਗ ਸ਼ਰਾਰਤਾਂ, ਕਲੋਲਾਂ ਤੇ ਛਾਲਾਂ ਮਾਰਨੀਆਂ ਕਿਤੇ ਗੁੰਮ ਹੋ ਗਈਆਂ ਸਨ। ਮੇਰੇ ਦੋਸਤ ਸੁਖਵੰਤ ਸਿੱਧੂ ਦਾ ਬੇੜੀ 'ਚ ਫਾਰਮ ਸੀ। ਮੈਂ ਉਸ ਨਾਲ ਬਾਰੂ ਬਾਰੇ ਗੱਲ ਕੀਤੀ। ਪਹਿਲਾਂ ਤਾਂ ਉਹ ਇਹੀ ਸਮਝਿਆ ਕਿ ਅਸੀਂ ਵੇਚਣਾ ਚਾਹੁੰਦੇ ਹਾਂ। ਉਸ ਨੇ ਕਿਹਾ ਕਿ ਉਹ ਇਸ ਦੇ ਬਦਲੇ ਸਾਨੂੰ ਚੰਗੇ ਪੈਸੇ ਦੇ ਸਕਦਾ ਹੈ ਪਰ ਜਦੋਂ ਅਸੀਂ ਇਹ ਕਿਹਾ ਕਿ ਅਸੀਂ ਬਾਰੂ ਨੂੰ ਵੇਚਣਾ ਨਹੀਂ ਚਾਹੁੰਦੇ, ਸਾਨੂੰ ਆਪਣੇ ਬੱਚੇ ਦੇ ਬਦਲੇ ਕੋਈ ਪੈਸੇ ਨਹੀਂ ਚਾਹੀਦੇ, ਇਹ ਤਾਂ ਸਾਡਾ ਪਿਆਰ ਹੈ ਤਾਂ ਉਹ ਹੈਰਾਨ ਰਹਿ ਗਿਆ। ਅਸੀਂ ਸੋਚਿਆ ਕਿ ਇਕੱਲੇ ਬਾਰੂ ਨੂੰ ਦੇਣਾ ਉਸ ਨਾਲ ਬੇਇਨਸਾਫ਼ੀ ਹੋਵੇਗੀ। ਇਕ ਤਾਂ ਉਹ ਸਾਡੇ ਤੋਂ ਵਿਛੜੇਗਾ, ਦੂਜਾ ਆਪਣੀ ਮਾਂ ਤੋਂ ਵੀ। ਇਸ ਲਈ ਅਸੀਂ ਫ਼ੈਸਲਾ ਕੀਤਾ ਕਿ ਬਾਰੂ ਨਾਲ ਉਸ ਦੀ ਮਾਂ ਪੱਪੋ ਨੂੰ ਵੀ ਸੁਖਵੰਤ ਦੇ ਹਵਾਲੇ ਕਰ ਦਿੱਤਾ ਜਾਵੇ, ਤਾਂ ਜੋ ਮਾਂ-ਪੁੱਤ ਦਾ ਵਿਛੋੜਾ ਨਾ ਪਵੇ। ਇਕ ਸਵੇਰ ਸੁਖਵੰਤ ਤੇ ਉਸ ਦਾ ਵੱਡਾ ਭਰਾ ਮਾਂ-ਪੁੱਤ ਨੂੰ ਲੈਣ ਆ ਗਏ। ਮੇਰੇ ਉੱਤੇ ਜਿਵੇਂ ਪਹਾੜ ਡਿੱਗ ਪਿਆ ਹੋਵੇ। ਗਾਂ ਤਾਂ ਚਲੇ ਗਈ ਪਰ ਬਾਰੂ ਨਹੀਂ ਸੀ ਜਾਣਾ ਚਾਹੁੰਦਾ। ਉਹ ਜ਼ਬਰਦਸਤੀ ਲੈ ਕੇ ਗਏ। ਦੂਜੇ ਦਿਨ ਸਵੇਰੇ ਹੀ ਪਿਤਾ ਜੀ ਨੇ ਮੈਨੂੰ ਜਗਾ ਕੇ ਕਿਹਾ, 'ਉੱਠ! ਬਾਰੂ ਬਾਹਰ ਖੜ੍ਹਾ ਹੈ।' ਉਹ ਬੇੜੀ ਤੋਂ ਇਕੱਲਾ ਹੀ ਪਤਾ ਨਹੀਂ ਕਿਵੇਂ ਸਾਰੇ ਰਸਤੇ, ਗਲੀਆਂ 'ਚੋਂ ਕੁੱਤਿਆਂ ਤੋਂ ਬਚਦਾ ਹੋਇਆ ਆਪਣੇ ਘਰ ਵਾਪਸ ਆ ਗਿਆ ਸੀ। ਮੈਂ ਸਪ੍ਰਿੰਗ ਵਾਂਗ ਉੱਠ ਕੇ ਬਾਹਰ ਭੱਜਿਆ। ਉਸ ਨੇ ਮੈਨੂੰ ਵੇਖਿਆ ਤੇ ਖ਼ੁਸ਼ੀ ਨਾਲ ਆਪਣੀਆਂ ਅਗਲੀਆਂ ਲੱਤਾਂ ਚੁੱਕ ਲਈਆਂ। ਸ਼ਾਇਦ ਮੇਰੇ ਉੱਤੇ ਝਪਟ ਕੇ ਪਿਆਰ ਕਰਨਾ ਚਾਹੁੰਦਾ ਸੀ ਪਰ ਉਹ ਹੁਣ ਕਾਫ਼ੀ ਭਾਰਾ ਹੋ ਗਿਆ ਸੀ, ਇਸ ਲਈ ਮੈਂ ਡਰ ਕੇ ਪਿੱਛੇ ਹਟ ਗਿਆ। ਫਿਰ ਉਹ ਮੈਨੂੰ ਆਪਣੇ ਮੂੰਹ ਨਾਲ ਸੁੰਘਦਾ ਰਿਹਾ, ਮੇਰੇ ਨਾਲ ਰਗੜਾਂ ਖਾਂਦਾ ਰਿਹਾ। ਜਿੰਨੀ ਦੇਰ ਅਸੀਂ ਉਹਦੇ ਕੋਲ ਖੜ੍ਹੇ ਰਹੇ, ਉਹ ਸ਼ਾਂਤ ਰਿਹਾ। ਫਿਰ ਉਹ ਆਪਣੀ ਉਸੇ ਜਗ੍ਹਾ 'ਤੇ ਜਾ ਕੇ ਬੈਠ ਗਿਆ, ਜਿੱਥੇ ਉਹ ਹਮੇਸ਼ਾ ਬੈਠਦਾ ਸੀ, ਜਿਵੇਂ ਕਹਿ ਰਿਹਾ ਹੋਵੇ, 'ਮੈਂ ਤਾਂ ਇੱਥੇ ਹੀ ਰਹਿਣਾ ਹੈ।'

ਕੁਝ ਦੇਰ ਬਾਅਦ ਸੁਖਵੰਤ ਫਿਰ ਆ ਗਿਆ। ਇਸ ਵਾਰ ਉਹ ਗੱਡਾ ਲੈ ਕੇ ਆਇਆ ਸੀ। ਮੇਰਾ ਕਲੇਜਾ ਜਿਵੇਂ ਬਾਹਰ ਨਿਕਲ ਗਿਆ ਹੋਵੇ ਪਰ ਇਹ ਤਾਂ ਹੋਣਾ ਹੀ ਸੀ। ਉਸ ਨੇ ਬਾਰੂ ਨੂੰ ਨੂੜ ਕੇ ਗੱਡੇ ਨਾਲ ਬੰਨ੍ਹ ਦਿੱਤਾ ਤੇ ਗੱਡਾ ਹੱਕ ਲਿਆ। ਬਾਰੂ ਦੀ ਉਹ ਆਖ਼ਰੀ ਨਜ਼ਰ, ਅੱਜ ਪੈਂਹਠ ਸਾਲਾਂ ਬਾਅਦ ਵੀ ਮੇਰੇ ਕਾਲਜੇ ਨੂੰ ਚੀਰਦੀ ਹੈ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਉਹ ਚੀਕ ਕੇ ਪੁੱਛ ਰਿਹਾ ਹੋਵੇ, 'ਤੂੰ ਮੇਰੇ ਨਾਲ ਇਹ ਧੋਖਾ ਕਿਉਂ ਕੀਤਾ? ਇਹੋ ਜਿਹੀ ਸੀ ਤੇਰੀ ਦੋਸਤੀ, ਇਹੋ ਜਿਹਾ ਸੀ ਤੇਰਾ ਪਿਆਰ'? ਮੈਂ ਆਪਣੇ ਪੈਰ ਦੇ ਅੰਗੂਠੇ ਨੂੰ ਜ਼ੋਰ ਨਾਲ ਧਰਤੀ 'ਚ ਦਬਾਇਆ ਤਾਂ ਜੋ ਮੇਰੀ ਚੀਕ ਬਾਹਰ ਨਾ ਨਿਕਲੇ ਅਤੇ ਬਾਰੂ ਉੱਥੋਂ ਸਦਾ ਲਈ ਚਲਾ ਗਿਆ। ਉਸ ਤੋਂ ਬਾਅਦ ਮੈਂ ਜਿਵੇਂ ਪੱਥਰ ਬਣ ਗਿਆ ਸੀ। ਕੁਝ ਮਹੀਨਿਆਂ ਬਾਅਦ ਮੈਂ ਬਾਰੂ ਤੇ ਪੱਪੋ ਦਾ ਹਾਲ ਜਾਣਨ ਲਈ ਬੇੜੀ ਗਿਆ। ਗਾਂ ਤਾਂ ਠੀਕ ਸੀ ਪਰ ਬਾਰੂ ਨੂੰ ਵੇਖ ਕੇ ਯਕੀਨ ਹੀ ਨਹੀਂ ਆਇਆ ਕਿ ਇਹ ਉਹੀ ਬਾਰੂ ਹੈ। ਉਸ ਦਾ ਚਿੱਟਾ ਰੰਗ ਮਟਮੈਲਾ ਹੋ ਗਿਆ ਸੀ। ਉਸ ਦੀਆਂ ਸੋਹਣੀਆਂ ਅੱਖਾਂ ਉਦਾਸੀ ਨਾਲ ਭਰ ਗਈਆਂ ਸਨ। ਪਹਿਲਾਂ ਉਸ ਨੇ ਮੇਰੇ ਵੱਲ ਵੇਖਿਆ, ਫਿਰ ਮੂੰਹ ਦੂਜੇ ਪਾਸੇ ਮੋੜ ਲਿਆ, 'ਜਿਵੇਂ ਮੇਰੇ ਤੋਂ ਅੱਕ ਗਿਆ ਹੋਵੇ।' ਮੈਂ ਉਸ ਨੂੰ ਬਰਫ਼ੀ ਦੀ ਡਲੀ ਖਵਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਨੇ ਰੋਸ ਵਜੋਂ ਉਹ ਵੀ ਨਾ ਖਾਧੀ। ਮੈਂ ਟੁੱਟੇ ਦਿਲ ਨਾਲ ਵਾਪਸ ਆ ਗਿਆ। ਸਾਲ ਕੁ ਬਾਅਦ ਮੈਨੂੰ ਸੁਖਵੰਤ ਮਿਲਿਆ। ਉਸ ਨੇ ਜਿਵੇਂ ਮੇਰੇ ਕਾਲਜੇ 'ਚ ਛੁਰਾ ਮਾਰ ਦਿੱਤਾ ਹੋਵੇ। ਉਹ ਕਹਿੰਦਾ, 'ਯਾਰ ਤੇਰਾ ਬਾਰੂ ਤਾਂ ਮਰ ਗਿਆ।' ਉਸ ਵੇਲੇ ਮੇਰੇ ਅੰਦਰੋਂ ਨਿਕਲੀ ਚੀਕ ਪਤਾ ਨਹੀਂ ਕਿਸ ਨੇ ਸੁਣੀ ਤੇ ਕਿਸ ਨੇ ਨਹੀਂ। ਮੈਂ ਬੇਵੱਸ ਹੋ ਗਿਆ। ਕੁਝ ਸੋਚਣ-ਸਮਝਣ ਦੀ ਹਾਲਤ 'ਚ ਨਹੀਂ ਸੀ। ਇਉਂ ਲੱਗਿਆ, ਜਿਵੇਂ ਮੇਰਾ ਕੋਈ ਆਪਣਾ ਬਹੁਤ ਪਿਆਰਾ ਮਰ ਗਿਆ ਹੋਵੇ। ਅੱਜ ਵੀ ਉਸ ਦੀਆਂ ਗੁੱਸੇ ਤੇ ਗਿਲ਼ੇ ਨਾਲ ਭਰੀਆਂ ਅੱਖਾਂ ਮੇਰੇ ਦਿਮਾਗ਼ 'ਚ ਵਸੀਆਂ ਹੋਈਆਂ ਹਨ।

**ਅਵਿਨਾਸ਼ ਚੰਦਰ**

# ਕੈਨੇਡਾ ਦੀ ਸੁਰੱਖਿਆ ਏਜੰਸੀ ਵੱਲੋਂ ਨਾਗਰਿਕਾਂ ਨੂੰ ਵਿਦੇਸ਼ੀ ਖ਼ੁਫ਼ੀਆ ਏਜੰਸੀਆਂ ਬਾਰੇ ਚਿਤਾਵਨੀ ਜਾਰੀ

ਕੈਨੇਡਾ ਦੀ ਸੁਰੱਖਿਆ ਅਤੇ ਖ਼ੁਫ਼ੀਆ ਸੇਵਾ ਨੇ ਚਿਤਾਵਨੀ ਦਿੱਤੀ ਹੈ ਕਿ ਵਿਦੇਸ਼ੀ ਖ਼ੁਫ਼ੀਆ ਏਜੰਸੀਆਂ ਪੇਸ਼ੇਵਾਰ ਨੈੱਟਵਰਕਿੰਗ ਵੈੱਬਸਾਈਟਾਂ, ਆਨਲਾਈਨ ਫ਼ਰਮਾਂ ਅਤੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਦੀ ਵਰਤੋਂ ਕਰਕੇ ਕੈਨੇਡਾ ਦੇ ਸਰਕਾਰੀ, ਨਿੱਜੀ ਅਤੇ ਅਕਾਦਮਿਕ ਖੇਤਰਾਂ ਵਿੱਚ ਸੰਵੇਦਨਸ਼ੀਲ ਅਹੁਦਿਆਂ 'ਤੇ ਕੰਮ ਕਰ ਰਹੇ ਵਿਅਕਤੀਆਂ ਨੂੰ ਭਰਤੀ ਕਰਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਨ੍ਹਾਂ ਏਜੰਸੀਆਂ ਵੱਲੋਂ ਅਜਿਹੇ ਵਿਅਕਤੀਆਂ ਦੇ ਦੋਸਤਾਂ ਅਤੇ ਪਰਿਵਾਰਕ ਮੈਂਬਰਾਂ ਨੂੰ ਵੀ ਨਿਸ਼ਾਨਾ ਬਣਾਇਆ ਜਾਂਦਾ ਹੈ।

ਕੈਨੇਡਾ ਦੀ ਸੁਰੱਖਿਆ ਅਤੇ ਖ਼ੁਫ਼ੀਆ ਏਜੰਸੀ ਅਤੇ ਫਾਈਵ ਆਈਜ਼ ਗੱਠਜੋੜ ਦੇ ਹੋਰ ਭਾਗੀਦਾਰ ਦੇਸ਼ਾਂ ਨੇ ਚਿਤਾਵਨੀ ਜਾਰੀ ਕੀਤੀ ਹੈ ਕਿ ਪੇਸ਼ੇਵਾਰ ਨੈੱਟਵਰਕਿੰਗ ਵੈੱਬਸਾਈਟਾਂ ਅਤੇ ਆਨਲਾਈਨ ਨੌਕਰੀ ਪਲੇਟਫ਼ਾਰਮਾਂ ਨੂੰ ਵਿਦੇਸ਼ੀ ਖ਼ੁਫ਼ੀਆ ਏਜੰਸੀਆਂ ਵੱਲੋਂ ਜਾਸੂਸੀ ਲਈ ਵਰਤਿਆ ਜਾ ਰਿਹਾ ਹੈ। ਸੰਯੁਕਤ ਚਿਤਾਵਨੀ ਅਨੁਸਾਰ ਸਰਕਾਰੀ ਕਰਮਚਾਰੀਆਂ, ਫ਼ੌਜੀ ਅਧਿਕਾਰੀਆਂ, ਰੱਖਿਆ ਮਾਹਿਰਾਂ, ਵਿਦੇਸ਼ੀ ਮਾਮਲਿਆਂ ਨਾਲ ਜੁੜੇ ਵਿਅਕਤੀਆਂ, ਪੱਤਰਕਾਰਾਂ ਅਤੇ ਥਿੰਕ-ਟੈਂਕਾਂ ਵਿੱਚ ਕੰਮ ਕਰਨ ਵਾਲਿਆਂ ਨੂੰ ਖ਼ਾਸ ਤੌਰ 'ਤੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਨਾਲ ਆਕਰਸ਼ਕ ਨੌਕਰੀਆਂ, ਸਲਾਹਕਾਰੀ ਕੰਮ ਜਾਂ ਪੇਸ਼ੇਵਾਰ ਮੌਕਿਆਂ ਦੇ ਨਾਂ 'ਤੇ ਸੰਪਰਕ ਕੀਤਾ ਜਾਂਦਾ ਹੈ।



ਸੁਰੱਖਿਆ ਏਜੰਸੀਆਂ ਦਾ ਕਹਿਣਾ ਹੈ ਕਿ ਸ਼ੁਰੂ ਵਿੱਚ ਇਹ ਪੇਸ਼ਕਸ਼ਾਂ ਬਿਲਕੁਲ ਅਸਲੀ ਦਿਖਾਈ ਦਿੰਦੀਆਂ ਹਨ, ਪਰ ਹੌਲੀ-ਹੌਲੀ ਟਾਰਗੇਟ ਕੀਤੇ ਗਏ ਵਿਅਕਤੀਆਂ ਤੋਂ ਸੰਵੇਦਨਸ਼ੀਲ ਜਾਂ ਗੁਪਤ ਜਾਣਕਾਰੀ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਕਈ ਮਾਮਲਿਆਂ ਵਿੱਚ ਜਾਣਕਾਰੀ ਦੇ ਬਦਲੇ ਪੈਸੇ ਦੀ ਪੇਸ਼ਕਸ਼ ਵੀ ਕੀਤੀ ਜਾਂਦੀ ਹੈ। ਫਾਈਵ ਆਈਜ਼ ਗੱਠਜੋੜ, ਜਿਸ ਵਿੱਚ ਕੈਨੇਡਾ, ਅਮਰੀਕਾ, ਬ੍ਰਿਟੇਨ, ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਸ਼ਾਮਲ ਹਨ, ਨੇ ਕਿਹਾ ਕਿ ਵਿਦੇਸ਼ੀ ਖ਼ੁਫ਼ੀਆ ਸੰਗਠਨ ਪੇਸ਼ੇਵਾਰ ਨੈੱਟਵਰਕਿੰਗ ਪਲੇਟਫ਼ਾਰਮਾਂ ਦੀ ਵਰਤੋਂ ਕਰਕੇ ਰਾਜਨੀਤਿਕ, ਆਰਥਿਕ ਅਤੇ ਫ਼ੌਜੀ ਜਾਣਕਾਰੀ ਇਕੱਠੀ ਕਰਨ ਦੀ ਕੋਸ਼ਿਸ਼ ਕਰ ਰਹੇ ਹਨ।

ਏਜੰਸੀਆਂ ਨੇ ਸਰਕਾਰੀ ਅਤੇ ਨਿੱਜੀ ਖੇਤਰ ਦੇ ਕਰਮਚਾਰੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਆਨਲਾਈਨ ਨੌਕਰੀਆਂ ਜਾਂ ਅਣਜਾਣ ਭਰਤੀ ਕਰਨ ਵਾਲਿਆਂ ਵੱਲੋਂ ਆਉਣ ਵਾਲੀਆਂ ਪੇਸ਼ਕਸ਼ਾਂ ਦੀ ਧਿਆਨ ਨਾਲ ਜਾਂਚ ਕਰਨ, CSIS ਨੇ ਲੋਕਾਂ ਨੂੰ ਸਲਾਹ ਦਿੱਤੀ ਹੈ ਕਿ ਨਵੀਆਂ ਨੈੱਟਵਰਕਿੰਗ ਬੇਨਤੀਆਂ ਸਵੀਕਾਰ ਕਰਨ ਤੋਂ ਪਹਿਲਾਂ ਪ੍ਰੋਫ਼ਾਈਲਾਂ ਦੀ ਜਾਂਚ ਕੀਤੀ ਜਾਵੇ। ਜੇ ਕਿਸੇ ਬਾਰੇ ਸ਼ੱਕ ਹੋਵੇ ਤਾਂ ਉਸ ਤੋਂ ਕੰਪਨੀ ਬਾਰੇ ਵਧੇਰੇ ਜਾਣਕਾਰੀ ਮੰਗੀ ਜਾਵੇ। ਜੇ ਕੰਪਨੀ ਬੁਨਿਆਦੀ ਜਾਣਕਾਰੀ ਦੇਣ ਵਿੱਚ ਅਸਮਰਥ ਹੋਵੇ ਜਾਂ ਇੰਟਰਨੈੱਟ 'ਤੇ ਉਸ ਬਾਰੇ ਬਹੁਤ ਘੱਟ ਜਾਣਕਾਰੀ ਉਪਲਬਧ ਹੋਵੇ, ਤਾਂ ਸੰਭਵ ਹੈ ਕਿ ਉਹ ਜਾਅਲੀ ਸੰਸਥਾ ਹੋਵੇ।ਉਨ੍ਹਾਂ ਕਿਹਾ ਕੇ ਸ਼ੱਕੀ ਸੰਪਰਕਾਂ ਬਾਰੇ ਤੁਰੰਤ ਸੰਬੰਧਿਤ ਅਧਿਕਾਰੀਆਂ ਨੂੰ ਸੂਚਿਤ ਕਰਨ।

# ਰਾਜਨੀਤਕ ਬਿਰਤਾਂਤ ਅਤੇ ਆਮ ਲੋਕ

ਲੋਕਤੰਤਰ ਦੀ ਖੂਬਸੂਰਤ ਪ੍ਰਕਿਰਿਆ ਵਿੱਚ ਕੇਂਦਰ ਅਤੇ ਸੂਬੇ ਦੀਆਂ ਸਰਕਾਰਾਂ ਆਪਣੇ ਆਪਣੇ ਦਾਇਰੇ ਅਤੇ ਹੱਕਾਂ ਨਾਲ ਅੱਗੇ ਵਧਦੀਆਂ ਹਨ। ਉਹ ਵਿਕਾਸ ਮੁਖੀ ਮਾਡਲ ਦੀ ਗੱਲ ਕਰਦੀਆਂ ਹੋਈਆਂ, ਲੋਕਾਂ ਨੂੰ ਇਹ ਅਹਿਸਾਸ ਕਰਾਉਂਦੀਆਂ ਹਨ ਕਿ ਉਹ ਉਨ੍ਹਾਂ ਦੇ ਹਿੱਤ ਲਈ ਕਾਰਜ ਕਰ ਰਹੀਆਂ ਹਨ। ਗੱਲ ਪੰਜਾਬ ਸੂਬੇ ਦੀ ਕਰੀਏ ਤਾਂ ਪਿਛਲੇ ਕੁਝ ਦਿਨਾਂ ਤੋਂ ਰਾਜਨੀਤਕ ਬਿਰਤਾਂਤ ਸਿਰਜੇ ਜਾ ਰਹੇ ਹਨ।

ਇੱਕ ਪਾਸੇ ਸੂਬੇ ਦੀਆਂ ਬਹੁਤ ਸਾਰੀਆਂ ਚੁਣੌਤੀਆਂ ਹਨ। ਇਸ ਵਿੱਚ ਨੌਜਵਾਨਾਂ ਦਾ ਰੁਜ਼ਗਾਰ, ਸੂਬੇ ਦੀ ਆਰਥਿਕ ਸਥਿਤੀ, ਪੇਂਡੂ ਅਤੇ ਸ਼ਹਿਰੀ ਖੇਤਰ ਦਾ ਵਿਕਾਸ, ਸਿੱਖਿਆ ਪ੍ਰਣਾਲੀ, ਹਸਪਤਾਲਾਂ ਦੀ ਹਾਲਤ ਅਤੇ ਸਭ ਤੋਂ ਵੱਡੀ ਸਮੱਸਿਆ ਸੂਬੇ ਦੇ ਵਸਨੀਕਾਂ ਦੀ ਜਾਨ ਮਾਲ ਦੀ ਰਾਖੀ ਅਤੇ ਨਸ਼ਾ ਮੁਕਤ ਕਰਨ ਦਾ ਸੰਕਲਪ ਹੈ। ਅਖ਼ਬਾਰੀ ਇਸ਼ਤਿਹਾਰਾਂ ਦੇ ਵੱਡੇ ਅੰਬਾਰਾਂ ਤੋਂ ਪਰੇ ਹਟ ਕੇ ਜਦੋਂ ਜ਼ਮੀਨੀ ਪੱਧਰ 'ਤੇ ਪਹੁੰਚ ਬਣਦੀ ਹੈ ਤਾਂ ਹਾਲਾਤ ਵੱਖਰੇ ਨਜ਼ਰ ਆਉਂਦੇ ਹਨ। ਅਜਿਹੀ ਸਥਿਤੀ ਵਿੱਚ ਸੂਬੇ ਦਾ ਹਾਕਮ ਆਪਣੇ ਰਾਜਨੀਤਕ ਬਿਰਤਾਂਤ ਦੀ ਉਸਾਰੀ ਕਰਨ ਲਈ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ। ਇੱਕ ਪਾਸੇ ਉਹ ਸੂਬੇ ਦਾ ਮੁਖੀ ਹੈ ਜਿਸ ਦੇ ਉੱਪਰ ਸੂਬੇ ਦੇ ਵਸਨੀਕਾਂ ਦੀ ਹਰੇਕ ਪ੍ਰਕਾਰ ਦੀ ਜ਼ਿੰਮੇਵਾਰੀ ਤੈਅ ਹੈ ਅਤੇ ਦੂਜੇ ਪਾਸੇ ਉਹ ਇਹ ਅਹਿਸਾਸ ਕਰਾਉਣ ਲਈ ਹਰ ਰੋਜ਼ ਨਵੇਂ ਬਿਰਤਾਂਤ ਸਿਰਜ ਰਿਹਾ ਹੈ ਕਿ ਆਜ਼ਾਦੀ ਤੋਂ ਬਾਅਦ ਇਹ ਪਹਿਲੀ ਸਰਕਾਰ ਹੈ ਜੋ ਆਮ ਲੋਕਾਂ ਦੀ ਸਰਕਾਰ ਹੈ।

ਜੇਕਰ ਤਾਜ਼ਾ ਸਥਿਤੀ ਦੀ ਗੱਲ ਕਰੀਏ ਤਾਂ ਸੂਬੇ ਅੰਦਰ ਕੇਂਦਰੀ ਸੱਤਾ ਅਤੇ ਸੂਬੇ ਦੀ ਸੱਤਾ ਅੰਦਰ ਇੱਕ ਰਾਜਨੀਤਕ ਦੌੜ ਚੱਲ ਰਹੀ ਹੈ। ਸੰਵਿਧਾਨ ਦੀ ਤਾਕਤ ਨਾਲ ਜਾਂਚ ਏਜੰਸੀਆਂ ਆਪਣੀ ਆਪਣੀ ਤਰਜ਼ 'ਤੇ ਅੱਗੇ ਵਧ ਰਹੀਆਂ ਹਨ। ਇੱਕ ਪਾਸੇ ਕੇਂਦਰੀ ਜਾਂਚ ਏਜੰਸੀਆਂ ਹਨ ਤੇ ਦੂਜੇ ਪਾਸੇ ਸੂਬੇ ਦੀਆਂ ਏਜੰਸੀਆਂ ਹਨ। ਜਦੋਂ ਕੇਂਦਰੀ ਏਜੰਸੀਆਂ ਸੂਬੇ ਦੇ ਕਿਸੇ ਵੱਡੇ ਰਾਜਨੀਤਕ ਵਿਅਕਤੀ ਨੂੰ ਆਪਣੀ ਜਾਂਚ ਦੇ ਘੇਰੇ ਵਿੱਚ ਸ਼ਾਮਲ ਕਰਦੀਆਂ ਹਨ ਤਾਂ ਸੂਬੇ ਦੀ ਸੱਤਾ 'ਤੇ ਕਾਬਜ਼ ਧਿਰ, ਇਹ ਇਲਜ਼ਾਮ ਲਾਉਂਦੀ ਹੈ ਕਿ ਇਹ ਗ਼ਲਤ ਹੋ ਰਿਹਾ ਹੈ, ਪਰ ਜਦੋਂ ਸੂਬੇ ਦੀਆਂ ਜਾਂਚ ਏਜੰਸੀਆਂ ਸੱਤਾ ਤੋਂ ਉਲਟ ਰਾਜਨੀਤਕ ਪਾਰਟੀਆਂ ਦੇ ਵਿਅਕਤੀਆਂ ਨੂੰ ਆਪਣੀ ਜਾਂਚ ਦੇ ਘੇਰੇ ਵਿੱਚ ਸ਼ਾਮਲ ਕਰਦੀਆਂ ਹਨ ਤਾਂ ਸੂਬਾ ਸਰਕਾਰ ਉਨ੍ਹਾਂ ਨੂੰ ਕਾਨੂੰਨ ਅਨੁਸਾਰ ਕੀਤੀ ਜਾ ਰਹੀ ਕਾਰਵਾਈ ਦੱਸਦੀ ਹੈ। ਪਿਛਲੇ ਕੁਝ ਸਮੇਂ ਤੋਂ ਕੇਂਦਰੀ ਜਾਂਚ ਏਜੰਸੀਆਂ ਸੂਬੇ ਦੀ ਰਾਜਨੀਤੀ ਅਤੇ ਪ੍ਰਸ਼ਾਸਨਿਕ ਅਹੁਦਿਆਂ 'ਤੇ ਬੈਠੇ ਪ੍ਰਭਾਵਸ਼ੀਲ ਵਿਅਕਤੀਆਂ ਨੂੰ ਆਪਣੀ ਜਾਂਚ ਦੇ ਘੇਰੇ ਵਿੱਚ ਲੈ ਰਹੀਆਂ ਹਨ ਅਤੇ ਜਾਂਚ ਨੂੰ ਅੱਗੇ ਵਧਾ ਰਹੀਆਂ ਹਨ।




ਅਜਿਹੀ ਸਥਿਤੀ ਵਿੱਚ ਸੂਬੇ ਦੀ ਸੱਤਾ 'ਤੇ ਕਾਬਜ਼ ਰਾਜਨੀਤਕ ਪਾਰਟੀ, ਨਵੇਂ ਰਾਜਨੀਤਕ ਬਿਰਤਾਂਤ ਨੂੰ ਲੈ ਕੇ ਅੱਗੇ ਵਧਣਾ ਚਾਹੁੰਦੀ ਹੈ। ਉਹ ਆਪਣੇ ਧਰਨੇ ਮੁਜ਼ਾਹਰਿਆਂ ਨੂੰ ਕੇਂਦਰੀ ਸੱਤਾ 'ਤੇ ਕਾਬਜ਼ ਰਾਜਨੀਤਕ ਪਾਰਟੀ ਦੇ ਸਨਮੁੱਖ ਕੇਂਦਰਿਤ ਕਰਨਾ ਚਾਹੁੰਦੀ ਹੈ। ਇਸ ਸਥਿਤੀ ਨਾਲ ਸੂਬੇ ਦੇ ਵਸਨੀਕ ਜੋ ਰਾਜਨੀਤਕ ਤੌਰ 'ਤੇ ਵੱਖ ਵੱਖ ਪਾਰਟੀਆਂ ਨਾਲ ਸਬੰਧ ਰੱਖਦੇ ਹਨ, ਆਪਸ ਵਿੱਚ ਇੱਕ ਦੂਜੇ ਦੇ ਉਲਟ ਖੜ੍ਹੇ ਨਜ਼ਰ ਆ ਰਹੇ ਹਨ। ਮੀਡੀਆ ਰਿਪੋਰਟਾਂ ਤੋਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਕਿਸ ਕਦਰ ਲੋਕ ਆਪਣੇ ਆਪਣੇ ਰਾਜਨੀਤਕ ਅਕਾਵਾਂ ਨੂੰ ਖੁਸ਼ ਰੱਖਣ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹਨ।

ਸ਼ਾਇਦ ਪੰਜਾਬ ਜਿਹੇ ਸੂਬੇ ਵਿੱਚ ਜਿੱਥੇ ਲੋਕ ਸਭ ਧਰਮਾਂ ਦਾ ਸਨਮਾਨ ਕਰਦੇ ਹਨ ਅਤੇ ਭਾਈਚਾਰਕ ਸਾਂਝ ਨਾਲ ਜੀਵਨ ਬਤੀਤ ਕਰ ਰਹੇ ਹਨ। ਉਨ੍ਹਾਂ ਲਈ ਇਹ ਸਥਿਤੀ ਹੈ ਕਿ ਉਹ ਆਪਸ ਵਿੱਚ ਇੱਕ-ਦੂਜੇ ਦੇ ਆਹਮੋ ਸਾਹਮਣੇ ਖੜ੍ਹੇ ਨਜ਼ਰ ਆ ਰਹੇ ਹਨ। ਇੱਥੇ ਮਸਲਾ ਇਹ ਪੈਦਾ ਹੁੰਦਾ ਹੈ ਕਿ ਕੀ ਸੂਬੇ ਦੀਆਂ ਸਾਰੀਆਂ ਮੁੱਢਲੀਆਂ ਜ਼ਰੂਰਤਾਂ ਪੂਰੀਆਂ ਹੋ ਚੁੱਕੀਆਂ ਹਨ। ਅਸੀਂ ਸੂਬੇ ਦੇ ਵਸਨੀਕਾਂ ਨੂੰ ਸਿਰਫ਼ ਇੱਕੋ ਰਾਜਨੀਤਕ ਏਜੰਡੇ 'ਤੇ ਕੇਂਦਰਿਤ ਕਰਕੇ ਕੀ ਦੱਸਣਾ ਚਾਹੁੰਦੇ ਹਾਂ। ਪੰਜਾਬ ਜੋ ਕਿ ਸਰਹੱਦੀ ਖੇਤਰ ਦੇ ਨਾਲ ਲੱਗਦਾ ਇੱਕ ਸੂਬਾ ਹੈ ਜਿਸ ਦੀਆਂ ਪਹਿਲਾਂ ਹੀ ਕਈ ਵੰਗਾਰਾਂ ਹਨ। ਅਜਿਹੀ ਸਥਿਤੀ ਵਿੱਚ ਜੇਕਰ ਅਸੀਂ ਸੂਬੇ ਦੇ ਆਪਸੀ ਭਾਈਚਾਰੇ ਨੂੰ ਵੀ ਇਸ ਤਰ੍ਹਾਂ ਪ੍ਰਭਾਵਿਤ ਕਰਾਂਗੇ ਤਾਂ ਇਸ ਸੂਬੇ ਦਾ ਭਵਿੱਖ ਕੀ ਹੋਵੇਗਾ।

ਅੱਜ ਸੂਬੇ ਦੇ ਵਸਨੀਕ ਵੱਖ ਵੱਖ ਤਰ੍ਹਾਂ ਦੀਆਂ ਚੁਣੌਤੀਆਂ ਦੇ ਨਾਲ ਦੋ ਚਾਰ ਹੋ ਰਹੇ ਹਨ ਜਿਸ ਵਿੱਚ ਰੋਜ਼ਮਰਾ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਉਨ੍ਹਾਂ ਦੀ ਆਰਥਿਕ ਸਥਿਤੀ ਚੰਗੀ ਨਹੀਂ ਹੈ। ਸੂਬੇ ਅੰਦਰ ਰੁਜ਼ਗਾਰ ਦੀ ਘਾਟ ਹੈ। ਨਿੱਤ ਵਾਪਰਦੀਆਂ ਕਤਲੋਗਾਰਤ ਅਤੇ ਫਿਰੌਤੀ ਦੀਆਂ ਘਟਨਾਵਾਂ ਨੇ ਸੂਬੇ ਦੇ ਵਸਨੀਕਾਂ ਅੰਦਰ ਸਹਿਮ ਪੈਦਾ ਕੀਤਾ ਹੋਇਆ ਹੈ ਜਿਸ ਦਾ ਸਿੱਟਾ ਇਹ ਹੈ ਕਿ ਸੂਬੇ ਅੰਦਰ ਕੋਈ ਬਹੁਤ ਵੱਡਾ ਨਿਵੇਸ਼ ਨਹੀਂ ਹੋ ਰਿਹਾ ਅਤੇ ਰੁਜ਼ਗਾਰ ਦੀ ਘਾਟ ਲਗਾਤਾਰ ਹੋ ਰਹੀ ਹੈ। ਖਾਸ ਕਰਕੇ ਉੱਚ ਸਿੱਖਿਆ ਦੇ ਖੇਤਰ ਵਿੱਚ ਪਿਛਲੇ ਕਈ ਸਾਲਾਂ ਤੋਂ ਕਾਲਜਾਂ ਵਿੱਚ ਰੈਗੂਲਰ ਅਧਿਆਪਕ ਦੀ ਘਾਟ ਹੈ ਜਿਸ ਕਾਰਨ ਧੜਾਧੜ ਖੁੱਲ੍ਹ ਰਹੀਆਂ ਪ੍ਰਾਈਵੇਟ ਯੂਨੀਵਰਸਿਟੀਆਂ ਨੇ ਆਰਥਿਕ ਤੌਰ 'ਤੇ ਸੂਬੇ ਦੇ ਵਸਨੀਕਾਂ ਨੂੰ ਵੱਡੀ ਸੱਟ ਮਾਰੀ ਹੈ। ਆਮ ਲੋਕਾਂ ਦੀ ਸਿੱਖਿਆ ਅਤੇ ਸਿਹਤ ਸਹੂਲਤਾਂ ਦਾ ਪ੍ਰਬੰਧ ਕਰਨ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ, ਪਰ ਜ਼ਮੀਨੀ ਪੱਧਰ 'ਤੇ ਪ੍ਰਾਈਵੇਟ ਹਸਪਤਾਲਾਂ ਅਤੇ ਪ੍ਰਾਈਵੇਟ ਵਿਦਿਅਕ ਅਦਾਰਿਆਂ ਦੀ ਲੁੱਟ ਨੇ ਆਮ ਲੋਕਾਂ ਦੀ ਜ਼ਿੰਦਗੀ ਮੁਸ਼ਕਿਲ ਕਰ ਦਿੱਤੀ ਹੈ। ਆਪਣੇ ਬੱਚਿਆਂ ਨੂੰ ਪੜ੍ਹਾਉਣ ਲਈ ਵਿਅਕਤੀ ਨੂੰ ਆਪਣੀ ਜ਼ਿੰਦਗੀ ਭਰ ਦੀ ਕਮਾਈ ਦੇਣੀ ਪੈ ਰਹੀ ਹੈ। ਅਜਿਹੀ ਹਾਲਤ ਹੀ ਬਿਮਾਰੀਆਂ ਸਮੇਂ ਪ੍ਰਾਈਵੇਟ ਹਸਪਤਾਲਾਂ ਦੀ ਹੈ ਜਿਸ ਵਿੱਚ ਬੰਦੇ ਨੂੰ ਬਿਮਾਰੀ ਦੇ ਨਾਲ ਨਾਲ ਮਾਨਸਿਕ ਤੌਰ 'ਤੇ ਵੀ ਤੰਗ ਪਰੇਸ਼ਾਨ ਕੀਤਾ ਜਾਂਦਾ ਹੈ।

ਹੁਣ ਮਸਲਾ ਇਹ ਪੈਦਾ ਹੁੰਦਾ ਹੈ ਕਿ ਜਦੋਂ ਸੂਬੇ ਅੰਦਰ ਇੰਨੀਆਂ ਚੁਣੌਤੀਆਂ ਹੋਣ ਤਾਂ ਅਸੀਂ ਰਾਜਨੀਤਕ ਬਿਰਤਾਂਤ ਸਿਰਜ ਕੇ ਆਮ ਲੋਕਾਂ ਨੂੰ ਕੀ ਦੱਸਣਾ ਚਾਹੁੰਦੇ ਹਨ ਜਾਂ ਫਿਰ ਸਾਡਾ ਮੰਤਵ ਸਿਰਫ਼ ਤੇ ਸਿਰਫ਼ ਸੱਤਾ ਪ੍ਰਾਪਤੀ ਹੈ। ਇਸ ਤੋਂ ਵੱਧ ਕੁਝ ਵੀ ਨਹੀਂ ਹੈ। ਸੂਬੇ ਦੀ ਅਜਿਹੀ ਹਾਲਤ ਵਿੱਚ ਸੂਬੇ ਦੀ ਸਰਕਾਰ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਜੋ ਕੁਝ ਵੀ ਪਿਛਲੇ ਕਈ ਦਹਾਕਿਆਂ ਵਿੱਚ ਹੋਇਆ, ਉਸ ਲਈ ਲੋਕਾਂ ਨੇ ਪਿਛਲੀਆਂ ਸਰਕਾਰਾਂ ਦੀ ਜ਼ਿੰਮੇਵਾਰੀ ਤੈਅ ਕੀਤੀ ਅਤੇ ਉਨ੍ਹਾਂ ਨੂੰ ਸੱਤਾ ਤੋਂ ਬਾਹਰ ਕਰ ਦਿੱਤਾ। ਹੁਣ ਸੱਤਾ ਤੁਹਾਡੇ ਹੱਥ ਹੈ ਅਤੇ ਤੁਸੀਂ ਪੂਰੀ ਤਨਦੇਹੀ ਨਾਲ ਉਨ੍ਹਾਂ ਲੋਕਾਂ ਬਾਰੇ ਸੋਚੋ ਜਿਨ੍ਹਾਂ ਨੇ ਆਪਣੀ ਕੀਮਤੀ ਵੋਟ ਪਾ ਕੇ ਤੁਹਾਨੂੰ ਸੱਤਾ ਦੀ ਕੁਰਸੀ 'ਤੇ ਬਿਠਾਇਆ ਹੈ। ਸਰਕਾਰ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਉਹ ਆਪਣੇ ਵਸਨੀਕਾਂ ਦੀ ਭਲਾਈ ਲਈ ਕਾਰਜ ਕਰੇ ਤਾਂ ਜੋ ਲੋਕਾਂ ਦਾ ਵਿਸ਼ਵਾਸ ਸਰਕਾਰ, ਸੱਤਾ ਅਤੇ ਪ੍ਰਸ਼ਾਸਨ 'ਚ ਬਣਿਆ ਰਹੇ ਜੋ ਕਿ ਇੱਕ ਚੰਗੀ ਲੋਕਤੰਤਰ ਪ੍ਰਣਾਲੀ ਲਈ ਬਹੁਤ ਜ਼ਰੂਰੀ ਹੁੰਦਾ ਹੈ। ਲੋਕਾਂ ਨੂੰ ਇਹ ਨਹੀਂ ਮਹਿਸੂਸ ਕਰਾਉਣਾ ਚਾਹੀਦਾ ਕਿ ਰਾਜਨੀਤਕ ਵਿਅਕਤੀਆਂ ਅਤੇ ਆਮ ਵਿਅਕਤੀਆਂ ਵਿੱਚ ਬਹੁਤ ਫਰਕ ਹੈ। ਸੂਬੇ ਅੰਦਰ ਫੈਲਿਆ ਹੋਇਆ ਵੀਆਈਪੀ ਕਲਚਰ ਆਮ ਲੋਕਾਂ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰ ਰਿਹਾ ਹੈ। ਆਮ ਲੋਕ ਇੱਕ ਪਾਸੇ ਤਿੰਨ ਟਾਈਮ ਦੀ ਰੋਟੀ ਲਈ ਸੰਘਰਸ਼ ਕਰ ਰਹੇ ਹਨ ਤੇ ਦੂਜੇ ਪਾਸੇ ਸਰਕਾਰ ਲੋਕਾਂ ਦੇ ਟੈਕਸ ਦੀ ਕਮਾਈ 'ਤੇ ਐਸ਼ੋ ਆਰਾਮ ਕਰ ਰਹੀ ਹੈ। ਹਰ ਰੋਜ਼ ਅਖ਼ਬਾਰਾਂ ਅਤੇ ਸੂਬੇ ਦੇ ਅੰਦਰ ਹੋ ਰਹੀ ਇਸ਼ਤਿਹਾਰਬਾਜ਼ੀ ਨੇ ਲੋਕਾਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਹੈ। ਆਮ ਲੋਕਾਂ ਦੀ ਰਾਏ ਹੈ ਕਿ ਹਕੀਕਤ ਵਿੱਚ ਕੀਤੇ ਜਾ ਰਹੇ ਕੰਮ ਆਪਣੇ ਆਪ ਵਿੱਚ ਬੋਲਦੇ ਹਨ, ਉਨ੍ਹਾਂ ਨੂੰ ਇੰਨੀ ਮਹਿੰਗੀ ਇਸ਼ਤਿਹਾਰਬਾਜ਼ੀ ਦੀ ਜ਼ਰੂਰਤ ਨਹੀਂ ਹੁੰਦੀ ਹੈ। ਸੋ ਅਜਿਹੀ ਸਥਿਤੀ ਵਿੱਚ ਜਿੱਥੇ ਪਹਿਲਾਂ ਹੀ ਲੋਕ ਆਪਣੀ ਜ਼ਿੰਦਗੀ ਜਿਉਣ ਲਈ ਸੰਘਰਸ਼ ਕਰ ਰਹੇ ਹੋਣ, ਉੱਥੇ ਸੂਬੇ ਦੇ ਲੋਕਾਂ ਦੇ ਆਪਸੀ ਭਾਈਚਾਰੇ ਨੂੰ ਇਸ ਤਰ੍ਹਾਂ ਪ੍ਰਭਾਵਿਤ ਕਰਨ ਤੋਂ ਬਚਣਾ ਚਾਹੀਦਾ ਹੈ ਅਤੇ ਰਲ ਮਿਲ ਕੇ ਸੂਬੇ ਦੇ ਹਿੱਤ ਲਈ ਕਾਰਜ ਕਰਨਾ ਚਾਹੀਦਾ ਹੈ।

# ਆਸਟਰੇਲੀਆ ਸਰਕਾਰ ਕੋਲ ਇੱਕ ਮਹੀਨੇ ਵਿੱਚ ਹੀ ਪਹੁੰਚੇ ਕਰੀਬ 1 ਕਰੋੜ ਡਾਲਰ

ਆਸਟਰੇਲੀਆ ਦੀ ਸਖ਼ਤ ਹੋ ਰਹੀ ਵਿਦਿਆਰਥੀ ਵੀਜ਼ਾ ਨੀਤੀ ਇੱਕ ਵਾਰ ਫਿਰ ਚਰਚਾ ਦਾ ਵਿਸ਼ਾ ਬਣ ਗਈ ਹੈ। ਨਵੇਂ ਅਨੁਮਾਨਾਂ ਮੁਤਾਬਕ ਮਾਰਚ ਮਹੀਨੇ ਦੌਰਾਨ ਹਜ਼ਾਰਾਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਵੀਜ਼ੇ ਰੱਦ ਹੋਣ ਕਾਰਨ ਸਰਕਾਰ ਕੋਲ ਕਰੀਬ 10 ਮਿਲੀਅਨ ਆਸਟਰੇਲੀਆਈ ਡਾਲਰ (ਲਗਭਗ 1 ਕਰੋੜ ਡਾਲਰ) ਦੀ ਗੈਰ-ਵਾਪਸੀ ਯੋਗ ਅਰਜ਼ੀ ਫੀਸ ਇਕੱਤਰ ਹੋਈ ਹੈ ।

ਉੱਚ ਸਿੱਖਿਆ ਖੇਤਰ ਨਾਲ ਸਬੰਧਤ ਪ੍ਰੋਗਰਾਮ 'ਚ ਰੇਡੀਓ ਰਿਪੋਰਟ ਅਨੁਸਾਰ ਮਾਰਚ 2026 ਵਿੱਚ ਲਗਪਗ 4,800 ਵਿਦਿਆਰਥੀ ਵੀਜ਼ਾ ਅਰਜ਼ੀਆਂ ਰੱਦ ਹੋਈਆਂ। ਕਿਉਂਕਿ ਹਰ ਅਰਜ਼ੀ ਨਾਲ 2000 ਡਾਲਰ ਦੀ ਫੀਸ ਜਮ੍ਹਾਂ ਕਰਵਾਈ ਜਾਂਦੀ ਹੈ ਅਤੇ ਵੀਜ਼ਾ ਨਾ ਮਿਲਣ ਦੀ ਸੂਰਤ ਵਿੱਚ ਇਹ ਰਕਮ ਵਾਪਸ ਨਹੀਂ ਕੀਤੀ ਜਾਂਦੀ, ਇਸ ਲਈ ਸਰਕਾਰ ਨੂੰ ਵੱਡੀ ਰਕਮ ਪ੍ਰਾਪਤ ਹੋਈ। ਗ੍ਰਹਿ ਮਾਮਲਿਆਂ ਦੇ ਵਿਭਾਗ ਦੇ ਅੰਕੜਿਆਂ ਅਨੁਸਾਰ ਵਿਦੇਸ਼ੀ ਉੱਚ ਸਿੱਖਿਆ ਅਰਜ਼ੀਦਾਰਾਂ ਦੀ ਵੀਜ਼ਾ ਮਨਜ਼ੂਰੀ ਦਰ ਕਰੀਬ 59 ਫ਼ੀਸਦੀ ਰਹੀ, ਜਦਕਿ 41 ਫ਼ੀਸਦੀ ਅਰਜ਼ੀਆਂ ਰੱਦ ਕਰ ਦਿੱਤੀਆਂ ਗਈਆਂ। ਇਹ ਹਾਲੀਆ ਸਾਲਾਂ ਦੀਆਂ ਸਭ ਤੋਂ ਸਖ਼ਤ ਦਰਾਂ ਵਿੱਚੋਂ ਇੱਕ ਮੰਨੀ ਜਾ ਰਹੀ ਹੈ। ਇਸ ਮਾਮਲੇ 'ਤੇ ਸਰਕਾਰ ਦਾ ਕਹਿਣਾ ਹੈ ਕਿ ਮਕਸਦ ਪੈਸਾ ਇਕੱਠਾ ਕਰਨਾ ਨਹੀਂ, ਸਗੋਂ ਵੀਜ਼ਾ ਪ੍ਰਣਾਲੀ ਦੀ ਭਰੋਸੇਯੋਗਤਾ ਕਾਇਮ ਰੱਖਣਾ ਹੈ। ਗ੍ਰਹਿ ਮਾਮਲਿਆਂ ਬਾਰੇ ਮੰਤਰੀ ਟੋਨੀ ਬਰਕ ਪਹਿਲਾਂ ਕਹਿ ਚੁੱਕੇ ਹਨ ਕਿ ਆਸਟਰੇਲੀਆ ਸਿਰਫ਼ 'ਅਸਲ ਵਿਦਿਆਰਥੀਆਂ' ਨੂੰ ਹੀ ਦੇਸ਼ ਵਿੱਚ ਆਉਣ ਦੀ ਇਜਾਜ਼ਤ ਦੇਣਾ ਚਾਹੁੰਦਾ ਹੈ ਅਤੇ ਵੀਜ਼ਾ ਪ੍ਰਣਾਲੀ ਦੀ ਦੁਰਵਰਤੋਂ ਨੂੰ ਰੋਕਣਾ ਸਰਕਾਰ ਦੀ ਤਰਜੀਹ ਹੈ।

ਦੂਜੇ ਪਾਸੇ, ਸਿੱਖਿਆ ਖੇਤਰ ਦੇ ਕਈ ਮਾਹਿਰਾਂ ਅਤੇ ਯੂਨੀਵਰਸਿਟੀਆਂ ਦਾ ਮੰਨਣਾ ਹੈ ਕਿ ਵਧੀਆਂ ਫੀਸਾਂ ਅਤੇ ਵਧ ਰਹੀਆਂ ਰੱਦਗੀਆਂ ਕਾਰਨ ਆਸਟਰੇਲੀਆ ਦੀ ਅੰਤਰਰਾਸ਼ਟਰੀ ਸਿੱਖਿਆ ਮੰਜ਼ਿਲ ਵਜੋਂ ਖਿੱਚ ਫਿੱਕੀ ਪੈ ਸਕਦੀ ਹੈ। ਇਸ ਲਈ ਆਸਟਰੇਲੀਆ ਵੀਜ਼ਾ ਨੀਤੀ ਹੁਣ ਸਿੱਖਿਆ ਅਤੇ ਪਰਵਾਸ ਦੋਵਾਂ ਖੇਤਰਾਂ ਵਿੱਚ ਇੱਕ ਮਹੱਤਵਪੂਰਨ ਬਹਿਸ ਦਾ ਵਿਸ਼ਾ ਬਣੀ ਹੋਈ ਹੈ।

SUMMER GETAWAY DRAW!

WIN A ROUND-TRIP FLIGHT TO ANY DESTINATION!

SABZI MANDI SUPERMARKET

PLUS WEEKLY PRIZE DRAWS!

PRESSURE COOKERS · CROCKERY SETS · SMALL APPLIANCES · & MORE!

NO PURCHASE NECESSARY!

ENTER TODAY • WIN ALL SUMMER LONG!

*TERMS & CONDITIONS APPLY. SEE IN STORE FOR DETAILS.

HOT PRICE — JUMBO CAULIFLOWER ਵੱਡੀ ਗੋਭੀ 1.99 ea

HOT PRICE — RUSSET POTATOES ਆਲੂ 10lb 2.99 ea

HOT PRICE — FRESH LYCHEE ਲੀਚੀ 3.49 /lb

HOT PRICE — ROMA TOMATOES ਰੋਮਾ ਟਮਾਟਰ 1.49 /lb

BRITANNIA CAKE RUSK ਬਰਿਟਾਨੀਆ ਕੇਕਰੱਸਕ 550g 3.99 ea

UNBEATABLE DEAL

TATA AGNI TEA ਟਾਟਾ ਅਗਨੀ ਚਾਹ 1kg 8.88 ea

JUMBO CARROTS ਵੱਡੀਆਂ ਗਾਜਰਾਂ 49¢ /lb

PUNJABI BY NATURE GUR RUSK ਪੰਜਾਬੀ ਬਾਈ ਨੇਚਰ ਗੁੜ ਰੱਸਕ 600g 3.99 ea

FRESH GINGER ਅੱਦਰਕ 99¢ /lb

HANS GUR ATTA BISCUITS PIPA ਹਾਨਸ ਗੁੜ ਆਟਾ ਬਿਸਕੁਟ ਪੀਪਾ 1.8kg 13.99 ea

SWAD SOYA CHAAP ਸਵਾਦ ਸੋਯਾ ਚਾਪ 850g 3.99 ea

AASHIRWAAD ATTA ਆਸ਼ੀਰਵਾਦ ਆਟਾ 20lb 13.99 ea

FRESH SAAG RAPINI ਸਾਗ Bunch 2.49 ea

IZU'S AMRITSARI PANEER ਇਜ਼ੂਜ਼ ਅਮ੍ਰਿਤਸਰੀ ਪਨੀਰ 250g 5.99 ea

NPS #1 ALMONDS ਬਦਾਮ 5.99 /lb

DAAWAT BASMATI RICE ਦਾਵਤ ਬਾਸਮਤੀ ਚਾਵਲ 4kg 9.99 ea

PUNJABI BY NATURE MUSTARD OIL ਪੰਜਾਬੀ ਬਾਈ ਨੇਚਰ ਸਰੋਂ ਦਾ ਤੇਲ 1L 5.99 ea

FROOTI MANGO DRINK ਫਰੂਟੀ ਜੂਸ ਬੌਕਸ 6 pack 3.49 ea

LARGE ORANGES ਵੱਡੇ ਸੰਗਤਰੇ 99¢ /lb

DELHI DARBAR PHOOL MAKHANA ਦਿੱਲੀ ਦਰਬਾਰ ਫੂਲ ਮਖਾਣਾ 70g, Asst. 3.99 ea

PUNJABI BY NATURE MANGO BURFI ਪੰਜਾਬੀ ਬਾਈ ਨੇਚਰ ਮੈਂਗੋ ਬੱਰਫੀ 150g 2.99 ea

FRESH CILANTRO ਧਨੀਆਂ Bunch 2 for 1.29

FRESH SPINACH ਪਾਲਕ Bunch 1.49 ea

FRESH BROCCOLI ਬਰੋਕੋਲੀ 1.49 /lb

PROUDLY CANADIAN • PROUDLY PUNJABI!

Western Union

Western Union Money Transfers and Calling Cards available at all locations. 24 hour rate info line: 604-634-2400

MasterCard · VISA · American Express · Interac

American Express accepted at three locations.

Prices in effect while quantities last and are subject to change without notice. We reserve the right to limit quantities. Photos are for illustrative purposes only and may not depict actual sale item.

U-HAUL®

*At participating locations only.

SABZI MANDI SUPERMARKET

STORES OPEN 7 DAYS A WEEK

Visit one of our great locations so we can serve you today!

| | | | |
|---|---|---|---|
| NEWTON STORE: #106 - 12568 72nd Ave., Surrey | 604-590-2400 | BURNABY: 7565 6th Street, Burnaby | 604-553-6603 |
| NEWTON 80th AVENUE: 13208 80th Ave., Surrey | 778-565-7880 | RICHMOND: 9371 No 5 Rd, Richmond | 604-285-2400 |
| NEWTON EXCHANGE: 101-13753 72 Ave., Surrey | 604-581-2400 | NEWTON 64 AVE: 140- 6350 120 st, Surrey | 778-565-1266 |
| NEWTON EAST: 15299 68th Ave., Surrey | 604-598-8006 | LANGLEY: #50 – 20150 Langley Bypass, Langley | 604-427-3912 |
| ABBOTSFORD: 31831 S. Fraser Way, Abbotsford | 604-864-9193 | ABBOTSFORD: 2777 Gladwin Road, Abbotsford | 604-744-2077 |

Prices in effect at the above listed store locations only. SALE DATES: Fri. June 05, 2026 - Wed. June 10, 2026

You can also visit us online at www.sabzimandicanada.com